
ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

37

April - June 2020

# ਸੈਣੀ ਸੰਸਾਰ
# Saini Sansar




ਅੰਦਰ ਪੜ੍ਹੋ


- ਵਿੱਛੜੀਆਂ ਸੈਣੀ ਸਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਰੌਚਿਕ ਸਾਹਿਤਕ ਰਚਨਾਵਾਂ
- ਗਿਆਨ ਵਿਗਿਆਨ
- ਸਿਹਤਮੰਦ ਜੀਵਨ ਜਾਚ
- ਸੈਣੀ ਸਿੱਖਿਆ ਅਧਿਕਾਰੀ
- ਵੇਖਣਯੋਗ ਸਥਾਨ
- ਮੈਟਰੀਮੋਨੀਅਲਜ਼



PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - X, Issue - II

# Saini Sansar

(Quarterly)

April - June 2020

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

India : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

Australia : **S. Malkiat Singn Saini,**
#4, Arnika Court, Jereme Grove, Glenwoood, Sydney-Australia

U.S.A. : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

U.K. : **Sh. Tarsem Singh Saini**
# 14, Forest Road, Cambridge-CB1 9JB (U.K.)

Canada : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** | ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.06.2020**

# ਸੈਣੀ ਸੰਸਾਰ
(ਤਿਮਾਹੀ)

ਜਿਲਦ 10, ਅੰਕ 2 ਅਪ੍ਰੈਲ - ਜੂਨ 2020

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਅਨੰਦਮਈ ਅਵਸਥਾ ਵਿੱਚ ਬੈਠੇ ਪੰਛੀ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਕਵਿਤਾ | 4 |
| ਮਹਾਦਾਨੀ ਦਾ ਵਿਛੋੜਾ | 5-6 |
| ਸੈਣੀ ਭਵਨ ਦੀਆਂ ਸਰਗਰਮੀਆਂ | 7-9 |
| ਕਵਿਤਾ | 9 |
| ਸਾਡੇ ਮਾਣਮੱਤੇ ਸਕੂਲ ਸਿੱਖਿਆ ਅਧਿਕਾਰੀ | 10-13 |
| ਅਮਰੀਕੀ ਆਦਿਵਾਸੀ ਲੋਕ ਕਥਾ - ਅਸਲ ਮਾਂ | 14-15 |
| ਸਾਜਿਸ਼ ਦਾ ਸ਼ਿਕਾਰ ਮਹਾਨ ਦਾਰਸ਼ਨਿਕ - ਸੁਕਰਾਤ | 16-17 |
| Poem | 18 |
| ਅਰਜੁਨ ਐਵਾਰਡੀ ਫੁੱਟਬਾਲ ਖਿਡਾਰੀ-ਇੰਦਰ ਸਿੰਘ ਸੈਣੀ | 19 |
| ਸੁੰਨੇ ਵਿਹੜੇ 'ਚ ਲੱਗੀ ਰੌਣਕ | 20-21 |
| ਬਰਾਦਰੀ ਦਾ ਮਾਣ - ਲੈਫ. ਜਨਰਲ ਸਤਿੰਦਰ ਕੁਮਾਰ ਸੈਣੀ | 21 |
| ਕਹਾਣੀ - ਨਾ ਭਾਈ ਨਾ | 22 |
| ਵਿਦਾਇਗੀ | 23 |
| ਕਲਮਾ ਦੇ ਧਨੀਆਂ ਦਾ ਵਿਛੋੜਾ | 24-25 |
| ਮੁੱਖ ਕੋਚ ਜੋਗਿੰਦਰ ਸਿੰਘ ਸੈਣੀ ਨੂੰ ਅਲਵਿਦਾ | 26 |
| ਤੁਹਾਡੀ ਸਿਹਤ ਤੁਹਾਡੇ ਹੱਥ | 27-28 |
| ਗ਼ਜ਼ਲ | 29 |
| ਖੁਸ਼ ਲੋਕਾਂ ਦੀ ਧਰਤੀ - ਭੂਟਾਨ | 20-31 |
| ਗੀਤ | 32 |
| ਅਗਨ ਕੁੰਡ - ਟਾਅਪੋ ਝੀਲ | 33 |
| Self Experience - In No Time I said Yes | 34 |
| ਕਵਿਤਾ | 35 |
| ਸ਼ਰਧਾਂਜਲੀਆਂ | 36 |
| ਆਜ਼ਾਦੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ | 37 |
| Matrimonials | 38-43 |
| Managing Committee of Saini Bhawan Rupnagar | 44 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਕਰਜ਼ਈ ਪੰਜਾਬ

ਅਜਮੇਰ ਸਿੰਘ (ਡਾ.)
ਰੂਪਨਗਰ

ਪੰਜ ਦਰਿਆਵਾਂ ਦਾ ਤਾਰੂ ਪੰਜਾਬ ਡੁੱਬ ਰਿਹਾ ਹੈ। ਇਹ ਲਾਚਾਰ ਅਤੇ ਬੇਸਹਾਰਾ ਹੋ ਕੇ ਭਟਕ ਰਿਹਾ ਹੈ। ਇਸ ਦਾ ਮਿਹਨਤੀ ਤੇ ਸਿਰੜੀ ਕਿਸਾਨ ਹੰਭ ਗਿਆ ਹੈ। ਇਸ ਦਾ ਚੌੜੀ ਛਾਤੀ ਵਾਲਾ ਸਵੈਮਾਨੀ ਨੌਜਵਾਨ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹੈ। ਇਸ ਦੇ ਮਾਣਮੱਤੇ ਕਾਰੀਗਰਾਂ ਦੇ ਹੱਥ ਕੱਟ ਦਿੱਤੇ ਗਏ ਹਨ। ਹੁਣ ਹਰ ਪੰਜਾਬੀ ਦੇ ਸਿਰ 89000 ਰੁਪਏ ਕਰਜ਼ਾ ਹੈ ਜੋ ਉਸ ਨੇ ਕਦੇ ਲਿਆ ਨਹੀਂ। ਇਨ੍ਹਾਂ ਬੇਕਸੂਰੇ ਕਰਜ਼ਈ ਲੋਕਾਂ ਵਿੱਚ ਉਹ ਬੱਚੇ ਵੀ ਸ਼ਾਮਿਲ ਹਨ ਜਿਨ੍ਹਾਂ ਅਜੇ ਅੱਖਾਂ ਹੀ ਖੋਲ੍ਹੀਆਂ ਹਨ ਅਤੇ ਆਖਰੀ ਸਾਹ ਲੈ ਰਹੇ ਬਜ਼ੁਰਗ ਵੀ। ਪੰਜਾਬੀਆਂ ਨਾਲ ਇਹ ਬੇਈਮਾਨੀ ਤੇ ਧੋਖੇਬਾਜੀ ਕਿਸੇ ਵਿਦੇਸ਼ੀ ਨੇ ਨਹੀਂ ਬਲਕਿ ਆਪਣਿਆਂ ਨੇ ਹੀ ਕੀਤੀ ਹੈ।

ਪੰਜਾਬ ਦਾ ਉਜਾੜਾ ਡੇਢ ਕੁ ਦਹਾਕਾ ਪਹਿਲਾਂ ਸ਼ੁਰੂ ਹੋਇਆ ਜਦੋਂ ਇਸ ਦੇ ਚਹੇਤੇ ਰਾਜਸੀ ਨੇਤਾਵਾਂ ਨੇ ਇਸ ਨੂੰ ਦੋਵੇਂ ਹੱਥੀਂ ਲੁਟਣ ਦਾ ਪੱਕਾ ਇਰਾਦਾ ਕਰ ਲਿਆ। ਆਪਣੀ ਰਾਜਗੱਦੀ ਨੂੰ ਪੱਕੀ ਕਰਨ ਲਈ ਛੋਟੇ ਕਿਸਾਨਾਂ ਦੇ ਨਾਲ ਨਾਲ ਧਨਾਢ ਜ਼ਿੰਮੀਦਾਰਾਂ ਨੂੰ ਵੀ ਟਿਊਬਲਾਂ ਲਈ ਮੁਫਤ ਬਿਜਲੀ ਦੇਣ ਦੇ ਫੈਸਲੇ ਲਏ ਗਏ। ਇਸ ਕਾਰਨ 2013-14 ਤੱਕ ਪੰਜਾਬ 102234 ਕਰੋੜ ਰੁਪਏ ਦਾ ਕਰਜ਼ਈ ਹੋ ਗਿਆ। ਮਿਹਨਤੀ ਪੰਜਾਬੀਆਂ ਲਈ ਇਹ ਕਰਜ਼ਾ ਉਤਾਰਨਾ ਮੁਸ਼ਕਲ ਨਹੀਂ ਸੀ ਪਰ ਜੇ ਸਰਕਾਰ ਸੱਚੇ ਦਿਲੋਂ ਚਾਹੁੰਦੀ। ਨੇਤਾਵਾਂ ਦਾ ਤਾਂ ਸਾਰਾ ਜ਼ੋਰ ਆਪਣੀਆਂ ਅਤੇ ਰਿਸ਼ਤੇਦਾਰਾਂ ਦੀਆਂ ਜਾਇਦਾਦਾਂ ਬਣਾਉਣ, ਕਾਰੋਬਾਰ ਚਮਕਾਉਣ ਤੇ ਤਿਜੌਰੀਆਂ ਭਰਨ 'ਤੇ ਲੱਗਾ ਸੀ। ਇਸ ਲਈ ਕਰਜ਼ਾ 2014-15 ਵਿੱਚ 112356 ਕਰੋੜ ਹੋ ਗਿਆ। ਇਸ ਦੀ ਚਿੰਤਾ ਕੀਤੇ ਬਗੈਰ ਸਗੋਂ ਘਰ ਘਰ ਜਾ ਕੇ ਆਪਣਿਆਂ ਨੂੰ ਗਰਾਂਟਾਂ ਦੇ ਗੱਫੇ ਵੰਡਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਅਖੇ 'ਅੰਨ੍ਹਾਂ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ਦੇ'। ਇਸ ਪੈਸੇ ਦੇ ਖਰਚ ਦਾ ਹਿਸਾਬ ਕਿਤਾਬ ਪੁੱਛਣ ਦੱਸਣ ਦੀ ਕੋਈ ਲੋੜ ਨਹੀਂ ਸਮਝੀ ਗਈ। ਵਿਚਾਰੇ ਅਧਿਕਾਰੀ ਤਾਂ ਦਫਤਰਾਂ ਵਿੱਚ ਬੈਠੇ ਪੈਨ ਘਸਾਉਂਣ ਜੋਗੇ ਹੀ ਰਹਿ ਗਏ। ਕੌਣ ਕਹੇ ਰਾਣੀ ਨੂੰ ਅੱਗਾ ਢੱਕ। ਜਦੋਂ ਖਜ਼ਾਨੇ ਵਿੱਚ ਮੁਲਾਜ਼ਮਾਂ ਨੂੰ ਤਨਖਾਹ ਦੇਣ ਜੋਗੇ ਪੈਸੇ ਵੀ ਨਾ ਰਹੇ ਤਾਂ ਹੋਰ ਕਰਜ਼ਾ ਲੈ ਲਿਆ ਗਿਆ। ਹਾਲਤ ਤਾਂ ਏਨੀ ਪਤਲੀ ਹੋ ਗਈ ਕਿ ਮੂਲ ਦੇ ਵਿਆਜ ਦੀਆਂ ਕਿਸ਼ਤਾਂ ਵੀ ਕਰਜ਼ਾ ਲੈ ਕੇ ਅਦਾ ਕੀਤੀਆਂ ਜਾਣ ਲੱਗੀਆਂ। ਇਸ ਲਈ 2015-16 ਤੱਕ ਕਰਜ਼ਾ 128835 ਕਰੋੜ ਹੋ ਗਿਆ।

ਫਿਰ ਜਦੋਂ ਚੋਣਾਂ ਦਾ ਸਾਲ ਸ਼ੁਰੂ ਹੋ ਗਿਆ ਤਾਂ ਭਲਾ ਕਰਜ਼ੇ ਦਾ ਫਿਕਰ ਕਿਸ ਨੂੰ ਹੋਣਾ ਸੀ। ਬਿਨਾਂ ਕੋਈ ਪੜਤਾਲ ਕੀਤਿਆਂ ਗਰੀਬ-ਅਮੀਰ ਸਭ ਦੇ ਧੜਾਧੜ ਪੀਲੇ ਕਾਰਡ ਬਣਨ ਲੱਗੇ। ਦੋ ਰੁਪਏ ਕਿੱਲੋ ਕਣਕ ਤੇ ਵੀਹ ਰੁਪਏ ਕਿੱਲੋ ਦਾਲ। ਘਰਾਂ ਲਈ ਮੁਫਤ ਬਿਜਲੀ। ਸਰਕਾਰ ਦੇ ਅਰਧ-ਸਰਕਾਰੀ ਅਦਾਰਿਆਂ- ਪਨਸਪ, ਮਾਰਕਫੈਡ ਦੇ ਦਿਵਾਲੇ ਨਿਕਲ ਗਏ। ਫਿਰ ਹਰ ਧਰਮ ਦੇ ਲੋਕਾਂ ਲਈ ਮੁਫਤ ਧਾਰਮਿਕ ਯਾਤਰਾਵਾਂ ਸ਼ੁਰੂ ਹੋ ਗਈਆਂ ਜਿਸ ਦੇ ਖਰਚੇ ਦੀ ਅਦਾਇਗੀ ਨਾ ਹੋਣ ਕਾਰਨ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡਵੇਜ਼ ਘਾਟੇ ਵਿੱਚ ਜਾਣ ਲੱਗੇ। ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੇ ਕਰੋੜਾਂ ਰੁਪਏ ਦੇ ਇਸ਼ਤਿਹਾਰਾਂ ਨੇ ਖਜ਼ਾਨੇ ਦਾ ਧੂੰਆਂ ਕੱਢ ਦਿੱਤਾ। ਸਰਕਾਰੀ ਜਾਇਦਾਦਾਂ ਦੀ ਵਿੱਕਰੀ ਤੇ ਨਿਲਾਮੀ ਹੋਣ ਲੱਗੀ। ਗੱਲ ਕੀ ਪੰਜਾਬ ਵਿਤੀ ਦਿਵਾਲੀਆਪਣ ਦੇ ਕਗਾਰ 'ਤੇ ਪਹੁੰਚ ਗਿਆ। ਪਰ ਸ਼ਾਸਕਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ। ਇਸ ਦੌਰਾਨ ਹੀ ਕਣਕ ਦੀ ਖਰੀਦ ਵਿੱਚ ਹੋਈ ਘਪਲੇਬਾਜੀ ਕਾਰਨ ਕੇਂਦਰ ਸਰਕਾਰ ਨੇ ਪੰਜਾਬ ਦੇ ਕਰਜ਼ੇ ਵਿੱਚ 31000 ਕਰੋੜ ਰੁਪਏ ਹੋਰ ਜੋੜ ਦਿੱਤੇ। ਇਸ ਲਈ 2016-17 ਤੱਕ ਪੰਜਾਬ 182000 ਕਰੋੜ ਰੁਪਏ ਦਾ ਕਰਜ਼ਈ ਹੋ ਗਿਆ।

ਵਰਤਮਾਨ ਸਰਕਾਰ ਨੇ ਸੂਬੇ ਸਿਰ ਚੜ੍ਹੇ ਕਰਜ਼ੇ ਦੀ ਆੜ ਹੇਠ ਵਿਕਾਸ ਕਾਰਜ ਤਾਂ ਰੋਕ ਦਿੱਤੇ ਪਰ ਆਮਦਨ ਵਧਾਉਣ ਅਤੇ ਖਰਚ ਘਟਾਉਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ। ਇਸ ਨੇ ਵੀ ਸਲਾਹਕਾਰਾਂ, ਚੇਅਰਮੈਨਾਂ ਤੇ ਸਹਾਇਕਾਂ ਦੀ ਫੌਜ ਖੜ੍ਹੀ ਕਰ ਲਈ ਹੈ। ਖੇਤੀਬਾੜੀ ਲਈ ਦਿੱਤੀ ਜਾ ਰਹੀ ਮੁਫਤ ਬਿਜਲੀ ਨੂੰ ਤਰਕਸੰਗਤ ਨਹੀਂ ਬਣਾਇਆ। ਇਸ ਸਹੂਲਤ ਦਾ ਤਾਂ ਸਗੋਂ ਉਲਟਾ ਨੁਕਸਾਨ ਹੋ ਰਿਹਾ ਹੈ। ਕਿਸਾਨਾਂ ਨੇ ਮੁਫਤ ਬਿਜਲੀ ਦੇ ਲਾਲਚ ਨਾਲ ਧਰਤੀ ਹੇਠਲੇ ਪਾਣੀ ਨੂੰ ਧੜਾਧੜ ਬਾਹਰ ਕੱਢ ਕੇ ਜ਼ਮੀਨ ਨੂੰ ਬੰਜਰ ਬਣਨ ਵੱਲ ਧੱਕ ਦਿੱਤਾ ਹੈ। ਇਹ ਲਾਭ ਕੇਵਲ ਪੰਜ ਕਿੱਲੇ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਦਿੱਤਾ ਜਾਣਾ ਜਾਇਜ਼ ਹੈ। ਆਮ ਲੋਕਾਂ ਨੂੰ ਸਸਤਾ ਅਨਾਜ ਦੇਣਾ ਤਾਂ ਉਨ੍ਹਾਂ ਨੂੰ ਸਗੋਂ ਮੁਫਤਖੋਰ ਤੇ ਕੰਮਚੋਰ ਬਣਾਉਂਦਾ ਹੈ। ਲੋੜ ਤਾਂ ਹੈ ਇਨ੍ਹਾਂ ਲੋਕਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੀ। ਇਹ ਲਾਭ ਅਤਿ ਦੇ ਗਰੀਬ ਤੇ ਸਾਧਨਹੀਣ ਵਿਅਕਤੀਆਂ ਨੂੰ ਹੀ ਮਿਲਣਾ ਚਾਹੀਦਾ ਹੈ।

ਇਸ ਲਈ 2017-18 ਵਿੱਚ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਕੇ 195152 ਕਰੋੜ ਹੋ ਗਈ। ਸੂਬੇ ਵਿੱਚ ਛੋਟੇ ਤੇ ਵੱਡੇ ਉਦਯੋਗਾਂ ਦੀ ਘਾਟ ਕਾਰਨ ਟੈਕਸਾਂ ਦੀ ਉਗਰਾਹੀ ਬਹੁਤ ਘੱਟ ਹੋ ਰਹੀ ਹੈ। ਕੇਂਦਰ ਨੇ ਜੀ.ਐਸ.ਟੀ ਪ੍ਰਣਾਲੀ ਲਾਗੂ ਕਰਕੇ ਵਿਕਰੀ ਟੈਕਸ ਤੋਂ ਹੁੰਦੀ ਆਮਦਨ 'ਤੇ ਵੀ ਆਪਣਾ ਕੰਟਰੋਲ ਕਰ ਲਿਆ ਹੈ। ਇਸ ਦੇ ਨਾਲ ਹੀ ਜ਼ਮੀਨ ਦੀ ਖਰੀਦੋਫਰੋਖਤ ਘਟ ਜਾਣ ਨਾਲ ਸੂਬੇ ਦਾ ਮਾਲੀਆ ਵੀ

ਘਟ ਗਿਆ ਹੈ। ਇਸ ਲਈ ਸਾਲ 2018-19 ਵਿੱਚ ਪੰਜਾਬ ਦੇ ਕਰਜ਼ੇ ਦੀ ਵਿਤੀ ਸਥਿਤੀ ਹੋਰ ਵੀ ਵਿਗੜ ਗਈ ਹੈ ਤੇ ਇਹ 22900 ਕਰੋੜ ਨੂੰ ਪਾਰ ਕਰ ਗਿਆ ਹੈ।

ਹੁਣ ਪੰਜਾਬ ਦੇ ਵਿਤ ਮੰਤਰੀ ਨੇ ਸਾਲ 2020-21 ਲਈ ਸੂਬੇ ਦਾ 154805 ਕਰੋੜ ਦਾ ਬਜਟ ਪੇਸ਼ ਕੀਤਾ ਹੈ ਜਿਸ ਅਨੁਸਾਰ ਪੰਜਾਬ ਸਿਰ 248236 ਕਰੋੜ ਦਾ ਕਰਜ਼ਾ ਹੋਣ ਦਾ ਅਨੁਮਾਨ ਹੈ। ਇਸ ਬਜਟ ਵਿੱਚ ਵੀ ਆਮਦਨ ਵਧਾ ਕੇ ਤੇ ਖਰਚੇ ਘਟਾ ਕੇ ਕਰਜ਼ਾ ਲਾਹੁਣ ਦੀ ਕੋਈ ਤਜ਼ਵੀਜ਼ ਨਹੀਂ ਹੈ। ਇਸ ਵਿੱਚ ਨਵੀਆਂ ਸਿੱਖਿਆ ਸੰਸਥਾਵਾਂ ਖੋਲ੍ਹਣ ਦੀ ਯੋਜਨਾ ਬਣਾਈ ਗਈ ਹੈ ਜਦੋਂ ਕਿ ਲੋੜ ਪਹਿਲਾਂ ਚੱਲ ਰਹੀਆਂ ਵਿੱਚ ਸਹੂਲਤਾਂ ਪੂਰੀਆਂ ਕਰ ਕੇ ਉਨ੍ਹਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਹੈ। ਬਾਹਰਵੀਂ ਤੱਕ ਮੁਫਤ ਸਿੱਖਿਆ ਦੀ ਸਹੂਲਤ ਤਾਂ ਚੰਗੀ ਹੈ ਜੇਕਰ ਸਕੂਲਾਂ ਵਿੱਚ ਪੜ੍ਹਾਈ ਦਾ ਪੱਧਰ ਵੀ ਉਚਾ ਰੱਖਿਆ ਜਾਵੇ। ਪੰਜਾਬ ਦੇ ਵਿਦਿਆਰਥੀ ਤਾਂ ਪਹਿਲਾਂ ਹੀ ਗੈਰਮਿਆਰੀ ਸਿੱਖਿਆ ਹਾਸਲ ਕਰ ਕੇ ਬੇਰੁਜ਼ਗਾਰ ਘੁੰਮ ਰਹੇ ਹਨ। ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫੀ ਨੂੰ ਵੀ ਮੁੜ ਵਿਚਾਰਨ ਦੀ ਲੋੜ ਹੈ। ਜਿੰਨੀ ਦੇਰ ਤੱਕ ਕਿਸਾਨ ਦੀ ਖੇਤੀ ਲਾਗਤ ਨੂੰ ਨਹੀਂ ਘਟਾਇਆ ਜਾਂਦਾ ਉਹ ਵਾਰ ਵਾਰ ਕਰਜ਼ੇ ਹੇਠ ਦੱਬ ਹੁੰਦਾ ਰਹੇਗਾ। ਹਰ ਸਾਲ ਕਰਜ਼ਾ ਮੁਆਫ ਕਰਨਾ ਤਾਂ ਸੰਭਵ ਨਹੀਂ, ਇਸ ਨਾਲ ਤਾਂ ਬੈਂਕਿੰਗ ਸਿਸਟਮ ਹੀ ਡਗਮਗਾ ਜਾਏਗਾ। ਇਸ ਸਰਕਾਰ ਨੇ ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਦੇਣ ਦਾ ਵੀ ਲਾਰਾ ਲਾਇਆ ਹੋਇਆ ਹੈ। ਇਹ ਤਾਂ ਨੌਜਵਾਨਾਂ ਨੂੰ ਹੋਰ ਨਿਕੰਮੇ ਬਣਾਉਣ ਅਤੇ ਖਜ਼ਾਨੇ ਦੀ ਫਜ਼ੂਲਖਰਚੀ ਵਾਲਾ ਕਦਮ ਹੈ। ਇੱਕ ਪਾਸੇ ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ ਦੂਜੇ ਪਾਸੇ ਸਰਕਾਰ ਨੇ ਆਪਣੇ ਵਿਧਾਇਕਾਂ ਲਈ ਅਤਿ-ਆਧੁਨਿਕ ਮਹਿੰਗੀਆਂ ਕਾਰਾਂ ਲੈਣ ਦਾ ਫੈਸਲਾ ਕੀਤਾ ਹੈ। ਇਹ ਵੀ ਸੂਹ ਮਿਲਦੀ ਹੈ ਕਿ ਇਨ੍ਹਾਂ ਦੀਆਂ ਤਨਖਾਹਾਂ ਵਧਾਉਣ ਦੀ ਤਜ਼ਵੀਜ਼ ਵੀ ਵਿਚਾਰਅਧੀਨ ਹੈ। ਹੁਣੇ ਮੁਖ ਮੰਤਰੀ ਨੇ ਐਲਾਨ ਕੀਤਾ ਹੈ ਕਿ ਜਲਦੀ ਹੀ ਔਰਤਾਂ ਨੂੰ ਪੰਜਾਬ ਸਰਕਾਰ ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਦੀ ਸਹੂਲਤ ਦਿੱਤੀ ਜਾਵੇਗੀ। ਇਹ ਨਾਂ ਤਾਂ ਕਿਸੇ ਦੀ ਮੰਗ ਹੈ ਅਤੇ ਨਾ ਹੀ ਇਸ ਦੀ ਜ਼ਰੂਰਤ ਹੈ। ਇਨ੍ਹਾਂ ਫੈਸਲਿਆਂ ਅਤੇ ਤਜ਼ਵੀਜ਼ਾਂ ਤੋਂ ਸਪਸ਼ਟ ਹੈ ਕਿ ਸਰਕਾਰ ਦੀ ਪੰਜਾਬ ਨੂੰ ਕਰਜ਼ੇ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਦੀ ਮਨਸ਼ਾ ਹੀ ਨਹੀਂ।

ਪੰਜਾਬ ਦੀ ਬਦਕਿਸਮਤੀ ਹੈ ਕਿ ਇਸ ਨੂੰ ਕੋਈ ਅਜਿਹਾ ਰਹਿਬਰ ਨਸੀਬ ਨਹੀਂ ਹੋ ਰਿਹਾ ਜਿਹੜਾ ਇਸ ਨੂੰ ਔਝੜ ਰਾਹਾਂ 'ਚੋਂ ਬਚਾ ਕੇ ਕੱਢ ਲਵੇ। ਇਹ ਹੀ ਕਾਰਨ ਹੈ ਕਿ ਪੰਜਾਬੀ, ਬਿਹਤਰ ਜੀਵਨ ਜਿਉਣ ਲਈ ਆਪਣੀ ਪਿਆਰੀ ਮਾਂਭੂਮੀ ਨੂੰ ਛੱਡ ਕੇ ਬੇਗਾਨੀਆਂ ਧਰਤੀਆਂ 'ਤੇ ਜਾਣ ਲਈ ਮਜ਼ਬੂਰ ਹਨ।

* * * * *



## ਕਵਿਤਾ

ਪ੍ਰਿਤਪਾਲ ਸਿੰਘ ਜਟਾਣਾ
ਚੰਡੀਗੜ੍ਹ

ਕਈ ਵਾਰ ਰੋਣਾ ਵੀ ਆਉਂਦਾ
ਤੇ ਹਾਸਾ ਵੀ....
ਇਹ ਲੋਕ-
ਜੋ ਕਾਮੀ-ਕੀੜਿਆਂ ਵਾਂਗ
ਅੰਧਕਾਰਾਂ, ਵਹਿਮਾਂ ਭਰਮਾਂ ਦੀ ਬਾਂਹ ਨਹੀਂ ਛਡਦੇ
ਤੇ ਰੀਤੀ ਰਵਾਇਤਾਂ ਦੇ ਪਹੀਏ ਸੰਗ ਲਿਪਟ ਲਿਪਟ ਕੇ
ਹੁੰਦੇ ਨੇ ਹਰ ਰੋਜ਼ ਜਿਬ੍ਹਾ !
ਤੇਜ਼ ਰੋਸ਼ਨੀਆਂ ਦੇ ਯੁੱਗ ਵਿੱਚ ਵੀ
ਕਰਦੇ ਹਨੇਰਿਆਂ ਦੀ ਗੱਲ !
ਲਕੀਰ ਦੇ ਫਕੀਰ,
ਚਾਰਦੀਵਾਰੀ ਦੀ ਜੰਜ਼ੀਰ
ਸਮਝਦੇ ਜ਼ਮੀਰ !
ਬੜਾ ਹੀ ਦੱਬ ਦੱਬ ਕੇ ਘੁੱਟ ਘੁੱਟ ਕੇ-
ਰੱਖਣੀ ਰੂਹਾਂ ਦੀ ਤਾਸੀਰ !
ਤੇ ਸੱਚੇ ਨੂੰ ਕਾਫਰ ਕਹਿਣਾ,
ਝੂਠੇ ਸਾਮ੍ਹਣੇ ਮੂਕ-ਦਰਸ਼ਕ ਬਣਨਾ,
ਤੇ ਸਮਾਜਿਕ -ਵਿਕਾਸ ਨੂੰ
ਸੰਸਕਾਰਾਂ ਦਾ ਉਲੰਘਣ ਕਹਿੰਦੇ !
ਚਾਹੀਦਾ ਤਾਂ ਇਹ ਸੀ ਫਿਰ-
ਉਹ ਬਣਮਾਨਸ ਤੋਂ ਸਾਇੰਸ ਯੁੱਗ ਦੇ ਮਨੁੱਖ ਤੱਕ ਦਾ
ਸਫਰ ਨਾ ਕਰਦੇ,
ਜੰਗਲਾਂ ਵਿੱਚ ਹੀ ਦੁੜੰਗਦੇ ਫਿਰਦੇ ਹੁਣ ਤੱਕ,
ਕੰਦ ਮੂਲ ਹੀ ਖਾਂਦੇ,
ਇਹ ਸ਼ੀਸ਼- ਮਹਿਲ, ਸ਼ਾਹੀ-ਭੋਜ,
ਰੰਗੀਨ ਲਿਬਾਸਾਂ ਤੇ ਗੀਤ-ਸੰਗੀਤਾਂ ਅਦਿ ਤੋਂ
ਮੁਨਕਰ ਹੀ ਰਹਿੰਦੇ-
ਚਾਹੀਦਾ ਤਾਂ ਇਹ ਸੀ ਫਿਰ !

* * * * *



## ਮਹਾਂਦਾਨੀ ਸਮਾਜਸੇਵੀ ਦਾ ਵਿਛੋੜਾ

ਬਲਬੀਰ ਸਿੰਘ ਸੈਣੀ,
ਸੈਣੀ ਭਵਨ ਰੂਪਨਗਰ

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੂੰ ਮਹਾਂਦਾਨੀ ਸੇਵਾਮੁਕਤ ਲੈਫਟੀਨੈਂਟ ਕਰਨਲ ਜੀ.ਆਰ. ਸੈਣੀ ਦੇ ਅਕਾਲ ਚਲਾਣਾ ਕਰਨ ਦੀ ਖਬਰ ਨੇ ਹਿਲਾ ਕੇ ਰੱਖ ਦਿੱਤਾ ਹੈ। ਆਪ, ਸੈਣੀ ਭਵਨ ਰੂਪਨਗਰ ਵਿੱਚ ਸਥਿਤ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਮਹਾਂਦਾਨੀ ਸਨ। ਆਪ ਵਲੋਂ ਇਸ ਟਰੱਸਟ ਪਾਸ 20 ਲੱਖ, 45 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਹੋਏ ਹਨ ਜਿਸ ਦੇ ਸਾਲਾਨਾ ਵਿਆਜ ਨਾਲ ਦੋ ਦਰਜਨ ਦੇ ਕਰੀਬ ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫੇ ਦਿੱਤੇ ਜਾਂਦੇ ਹਨ। ਸੈਣੀ ਭਵਨ ਦੇ ਪ੍ਰਬੰਧਕ ਹਰ ਸਾਲ ਆਪ ਦਾ ਜਨਮ ਦਿਨ ਮਨਾਉਣ ਲਈ ਉਨ੍ਹਾਂ ਦੀ ਹੁਸ਼ਿਆਰਪੁਰ ਵਿਖੇ ਰਿਹਾਇਸ਼ 'ਤੇ ਜਾਂਦੇ ਸਨ। ਪਿਛਲੇ ਸਾਲ ਅਗਸਤ ਮਹੀਨੇ ਵਿੱਚ ਉਨ੍ਹਾਂ ਦਾ 102ਵਾਂ ਜਨਮਦਿਨ ਮਨਾਇਆ ਗਿਆ ਸੀ। ਇਸ ਸਮੇਂ ਉਹ ਬਹੁਤ ਖੁਸ਼ ਅਤੇ ਚੜ੍ਹਦੀ ਕਲਾ ਵਿੱਚ ਸਨ।

ਵਿਲੱਖਣ ਸਖਸ਼ੀਅਤ ਦੇ ਮਾਲਕ ਸ਼ੀ ਗੁਰਦਾਸ ਰਾਮ ਸੈਣੀ ਦਾ ਜਨਮ 9 ਅਗਸਤ, 1918 ਨੂੰ ਪਿਤਾ ਸ਼੍ਰੀ ਅਮੀ ਚੰਦ ਦੇ ਘਰ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁੱਡਾ ਵਿਖੇ ਹੋਇਆ। ਆਪ ਨੇ ਮੁਢਲੀ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕਰਕੇ ਮੈਟ੍ਰਿਕ ਟਾਂਡਾ ਤੋਂ ਅਤੇ ਗ੍ਰੈਜੂਏਸ਼ਨ ਡੀ.ਏ.ਵੀ ਕਾਲਿਜ ਜਲੰਧਰ ਤੋਂ ਕੀਤੀ। ਆਪ ਫੁੱਟਬਾਲ, ਵਾਲੀਬਾਲ ਅਤੇ ਐਥਲੈਟਿਸ ਦੇ ਵਧੀਆ ਖਿਡਾਰੀ ਸਨ। ਆਪ 1941 ਵਿੱਚ ਭਾਰਤੀ ਫੌਜ ਦੀ ਆਰਡੀਨੈਂਸ ਕੋਰ ਵਿੱਚ ਹਵਾਲਦਾਰ ਭਰਤੀ ਹੋ ਕੇ ਪਹਿਲਾਂ 1943 ਤੱਕ ਇਰਾਨ ਅਤੇ ਫਿਰ 1945 ਤੱਕ ਜਾਪਾਨ ਵਿੱਚ ਦੂਜੀ ਜੰਗ ਸਮੇਂ ਤਾਇਨਾਤ ਰਹੇ। ਸਾਲ 1947 ਵਿੱਚ ਆਪ ਨੇ ਸਲੈਕਸ਼ਨ ਬੋਰਡ ਰਾਹੀਂ ਕਮਿਸ਼ਨ ਹਾਸਲ ਕੀਤਾ ਅਤੇ 1973 ਵਿੱਚ ਲੈਫਟੀਨੈਂਟ ਕਰਨਲ ਵਜੋਂ ਰਿਟਾਇਰ ਹੋਏ। ਆਪ ਦੀ ਸ਼ਾਨਦਾਰ ਸੇਵਾ ਬਦਲੇ ਤਿੰਨ ਸਾਲ ਵੱਧ ਨੌਕਰੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਉਪਰੰਤ ਆਪ ਬੀਵੀ ਸਮੇਤ ਚੰਡੀਗੜ੍ਹ ਵਿਖੇ ਰਹਿਣ ਲੱਗੇ। ਜਦੋਂ ਸਿਹਤ ਕੁਝ ਖਰਾਬ ਰਹਿਣ ਲੱਗੀ ਤਾਂ ਆਪ ਨੇ ਹੁਸ਼ਿਆਰਪੁਰ ਵਿਖੇ ਰਿਹਾਇਸ਼ ਕਰਨ ਦਾ ਵਿਚਾਰ ਬਣਾ ਲਿਆ। ਆਪ ਆਪਣੀ ਨੌਕਰੀ ਤੋਂ ਮਿਲਿਆ ਕੁੱਝ ਪੈਸਾ ਸਮਾਜਸੇਵੀ ਕੰਮਾਂ ਲਈ ਦੇਣਾ ਚਾਹੁੰਦੇ ਸਨ। ਇਸ ਸਮੇਂ ਸੈਣੀ ਭਵਨ ਦੇ ਮੁਢਲੇ ਟਰੱਸਟੀ ਸ਼੍ਰੀ ਪੀ.ਸੀ. ਸੈਣੀ (ਰਿਟਾਇਰਡ ਸੈਸ਼ਨ ਜੱਜ) ਦੇ ਨਜ਼ਦੀਕੀ ਰਿਸ਼ਤੇਦਾਰ ਦਾ ਸੰਪਰਕ ਆਪ ਨਾਲ ਹੋਇਆ ਜਿਨ੍ਹਾਂ ਨੇ ਇਹ ਪੈਸਾ ਸੈਣੀ ਭਵਨ ਰੂਪਨਗਰ ਨੂੰ ਦੇਣ ਦੀ ਸਲਾਹ ਦਿੱਤੀ ਕਿਉਕਿ ਉੱਥੇ ਕਈ ਸਮਾਜਸੇਵੀ ਕੰਮ ਕੀਤੇ ਜਾ ਰਹੇ ਹਨ। ਇਸ 'ਤੇ ਜੀ.ਆਰ. ਸੈਣੀ ਜੀ ਨੇ ਸਾਲ 2000 ਵਿੱਚ ਇੱਕ ਵੱਡੀ ਰਾਸ਼ੀ ਸੈਣੀ ਭਵਨ ਰੂਪਨਗਰ ਦੇ ਖਾਤੇ ਵਿੱਚ ਫਿਕਸ ਕਰਵਾ ਦਿੱਤੀ।

ਆਪ ਦੇ ਦਾਦਾ ਸ਼੍ਰੀ ਨਰੈਣ ਸਿੰਘ ਜੀ ਸਮਾਜ ਦੇ ਬਹੁਤ ਸੁਲਝੇ ਹੋਏ ਵਿਅਕਤੀ ਸਨ ਜਿਨ੍ਹਾਂ ਨੇ ਆਪਣੇ ਪੋਤਰੇ ਦੀ ਸਖਸ਼ੀਅਤ ਨੂੰ ਨਿਖਾਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੂੰ ਸਮਾਜ ਸੇਵਾ ਅਤੇ ਗਰੀਬ ਦੀ ਮਦਦ ਕਰਨ ਦਾ ਜਜ਼ਬਾ ਆਪਣੀ ਵਿਰਾਸਤ ਤੋਂ ਹੀ ਹਾਸਲ ਹੋਇਆ। ਆਪ ਦਾ ਵਿਆਹ 1944 ਵਿੱਚ ਬੀਕਾਨੇਰ ਦੇ ਇੱਕ ਜਾਗੀਰਦਾਰ ਚੌਧਰੀ ਮੋਹਣ ਲਾਲ ਦੀ ਹੋਣਹਾਰ ਪੁੱਤਰੀ ਕੁਸ਼ੱਲਿਆ ਦੇਵੀ ਨਾਲ ਹੋਇਆ ਜੋ 2005 ਵਿੱਚ ਅਕਾਲਚਲਾਣਾ ਕਰ ਗਏ। ਭਾਵੇਂ ਆਪ ਦੀ ਕੋਈ ਔਲਾਦ ਨਹੀਂ ਸੀ ਪਰ ਸਾਰੀ ਮਾਨਵਤਾ ਨੂੰ ਆਪਣੀ ਸਮਝ ਕੇ ਪਿਆਰ ਕਰਦੇ ਸਨ। ਆਪ ਦੱਸਦੇ ਸਨ ਕਿ ਉਨ੍ਹਾਂ ਦੇ ਸਹੁਰਾ ਸਾਹਿਬ ਕਹਿੰਦੇ ਹੁੰਦੇ ਸਨ ਕਿ ਹੱਥੋਂ ਕਿਰਦਾ ਚੰਗਾ ਹੁੰਦਾ ਹੈ। ਇਸ ਲਈ ਸ਼੍ਰੀ ਸੈਣੀ ਹਮੇਸ਼ਾਂ ਹੀ ਦੂਜਿਆਂ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਸਨ।



ਪੈਸਾ-ਪ੍ਰਧਾਨ ਅਜੋਕੇ ਸਮਾਜ ਵਿੱਚ ਜਦੋਂ ਹਰ ਕੋਈ ਮਰਦੇ ਦਮ ਤੱਕ ਆਪਣਿਆਂ ਲਈ ਮਾਇਆ ਇਕੱਠੀ ਕਰਦਾ ਰਹਿੰਦਾ ਹੈ ਤਾਂ ਸੈਣੀ ਸਾਹਿਬ ਨੇ ਤਨ, ਮਨ ਤੇ ਧਨ ਮਾਨਵਤਾ ਦੀ ਸੇਵਾ ਲਈ ਅਰਪਣ ਕਰ ਦਿੱਤਾ। ਆਪਣੀ ਵਿਰਾਸਤੀ ਜਾਇਦਾਦ ਨਜ਼ਦੀਕੀ ਸ਼ਰੀਕਾਂ ਨੂੰ ਸੌਂਪ ਦਿੱਤੀ ਅਤੇ ਸਹੁਰੇ ਵਲੋਂ ਮਿਲੀ 30 ਏਕੜ ਜ਼ਮੀਨ ਵੀ ਉਨ੍ਹਾਂ ਨੂੰ ਵਾਪਿਸ ਕਰ ਦਿੱਤੀ। ਆਪ ਨੇ ਚੰਡੀਗੜ੍ਹ ਵਿਖੇ ਰਹਿੰਦਿਆਂ ਆਪਣੇ ਇੱਕ ਦੋਸਤ ਦੇ ਦੋ ਬੱਚਿਆਂ ਨੂੰ ਆਪਣੇ ਘਰ ਵਿੱਚ ਰੱਖ ਕੇ ਪੜ੍ਹਾਇਆ। ਉਹ ਇੱਕ ਦਰਿਆ-ਦਿਲ ਇਨਸਾਨ ਸਨ। ਆਪ ਅਤਿ ਦੇ ਧਾਰਮਿਕ ਵਿਅਕਤੀ ਸਨ ਜੋ ਬਾਹਰੀ ਦਿਖਾਵਾ ਕਰਨ ਵਿੱਚ ਵਿਸ਼ਵਾਸ ਨਹੀਂ ਰਖਦੇ ਸਨ। ਇਸ ਲਈ ਪੂਰਨ ਸਿੱਖ ਨਾ ਦਿਸਣ ਦੇ ਬਾਵਜ਼ੂਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਪ ਦੇ ਘਰ ਵਿੱਚ ਮੌਜੂਦ ਰਹਿੰਦਾ ਸੀ। ਆਪ ਹਰ ਸਮੇਂ ਇਕਾਗਰ ਚਿੱਤ ਹੋ ਕੇ ਪਾਠ ਕਰਦੇ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਸਨ। ਆਪ ਫੌਜ ਦੀ ਨੌਕਰੀ ਕਰਨ 'ਤੇ ਵੀ ਸਾਰੀ ਉਮਰ ਸ਼ਾਕਾਹਾਰੀ ਤੇ ਨਸ਼ਾਮੁਕਤ ਰਹੇ।

ਆਪ ਦੀ ਯਾਦਾਸ਼ਤ ਕਮਾਲ ਦੀ ਸੀ। ਉਨ੍ਹਾਂ ਨੂੰ ਆਖਰੀ ਦਿਨਾਂ ਤੱਕ ਵੀ ਆਪਣੇ ਮਿਲਟਰੀ ਦੇ ਨੰਬਰ ਜ਼ੁਬਾਨੀ ਯਾਦ ਸਨ। ਜਦੋਂ ਵੀ ਅਸੀਂ ਉਨ੍ਹਾਂ ਨੂੰ ਮਿਲਣ ਗਏ ਤਾਂ ਉਹ ਹਮੇਸ਼ਾਂ ਆਖਦੇ ਕਿ ਉਨ੍ਹਾਂ ਦੀ ਦਿਲੀ ਇੱਛਾ ਹੈ ਕਿ ਸੈਣੀ ਬਰਾਦਰੀ ਦੇ

ਵੱਧ ਤੋਂ ਵੱਧ ਨੌਜਵਾਨ ਫੌਜ ਵਿੱਚ ਅਫਸਰ ਅਤੇ ਉੱਚਕੋਟੀ ਦੇ ਖਿਡਾਰੀ ਬਣਨ ਜਿਸ ਲਈ ਸੈਣੀ ਭਵਨ ਉਨ੍ਹਾਂ ਦੀ ਲੋੜੀਂਦੀ ਮਾਇਕ ਸਹਾਇਤਾ ਕਰੇ। ਉਹ ਸਾਰੀਆਂ ਗੱਲਾਂ ਹੱਸ ਹੱਸ ਕੇ ਕਰਦੇ ਸਨ। ਆਖਰੀ ਉਮਰੇ ਭਾਵੇਂ ਉਨ੍ਹਾਂ ਨੂੰ ਸੁਣਨ ਅਤੇ ਘੁੰਮਣ ਫਿਰਨ ਵਿੱਚ ਮੁਸ਼ਕਲ ਆ ਗਈ ਸੀ ਪਰ ਉਹ ਗੱਲ ਪੂਰੀ ਹੋਸ਼-ਹਵਾਸ ਨਾਲ ਕਰਦੇ ਸਨ। ਉਨ੍ਹਾਂ ਦੇ ਚਿਹਰੇ 'ਤੇ ਰੂਹਾਨੀਅਤ ਦੀ ਰੰਗਤ ਝਲਕਦੀ ਸੀ। ਉਹ ਕਿਹਾ ਕਰਦੇ ਸਨ ਕਿ ਸੈਣੀ ਭਵਨ ਵਾਲੇ ਸਮਾਜ ਦੇ ਗਰੀਬ ਤਬਕੇ ਅਤੇ ਵਿਧਵਾਵਾਂ ਦੀ ਵੱਧ ਵੱਧ ਮਦਦ ਕਰਨ। ਉਹ ਆਪਣੀ ਹਰ ਚੀਜ਼ ਨੂੰ ਪ੍ਰਮਾਤਮਾ ਦੀ ਦੇਣ ਸਮਝਦੇ ਸਨ। ਉਹ ਕਹਿੰਦੇ, "ਉਹ ਘਰ ਸੁਖੀ ਹੈ ਜੋ ਪੰਜ 'ਚ' ਭਾਵ ਚਾਟੀ, ਚੱਕੀ, ਚੁਲ੍ਹਾ, ਚੌਕਾ ਤੇ ਚਰਖਾ ਦੀ ਕਦਰ ਕਰਦੇ ਹਨ ਅਤੇ ਉਹ ਸਮਾਜ ਸੁਖੀ ਹੈ ਜੋ ਪੰਜ 'ਪ' ਭਾਵ ਪਿੰਡ, ਪੇੜ, ਪਾਣੀ, ਪਿੜ ਤੇ ਪੈਸੇ ਨੂੰ ਗੰਧਲਾ ਨਾ ਹੋਣ ਦੇਵੇ"।

ਸ਼੍ਰੀ ਜੀ.ਆਰ.ਸੈਣੀ ਜੀ ਇਸ ਸਮੇਂ ਹੁਸ਼ਿਆਰਪੁਰ ਦੇ ਖੂਬਸੂਰਤ ਇਲਾਕੇ, ਡੀ.ਸੀ. ਰੋਡ ਵਿਖੇ ਆਪਣੇ ਨਿਵਾਸ ਸਥਾਨ ਵਿਚ ਰਹਿੰਦੇ ਸਨ। ਉਨ੍ਹਾਂ ਦੀ ਦੇਖਭਾਲ ਉਨ੍ਹਾਂ ਦੀ ਭੈਣ ਦੇ ਪੋਤਰੇ ਚੌਧਰੀ ਰਾਜੇਸ਼ ਕੁਮਾਰ ਨੇ ਪੂਰੀ ਤਨਦੇਹੀ ਤੇ ਸਿਦਕ ਨਾਲ ਕੀਤੀ। ਉਨ੍ਹਾਂ ਦੀਆਂ ਸ਼ੁਭ ਇਸ਼ਾਵਾਂ ਸਦਕਾ ਹੀ ਕਾਫੀ ਸਮੇਂ ਤੋਂ ਬਾਅਦ ਚੌਧਰੀ ਰਾਕੇਸ਼ ਦੇ ਘਰ ਬੇਟਾ-ਬੇਟੀ ਨੇ ਜਨਮ ਲਿਆ ਜੋ ਆਪਣੀਆਂ ਮਾਸੂਮ ਅਦਾਵਾਂ ਨਾਲ ਸੈਣੀ ਸਾਹਿਬ ਦਾ ਦਿਲ ਲਗਾ ਰਖਦੇ ਸਨ। ਆਖਰ ਕੁਦਰਤ ਦੀ ਹਰ ਚੀਜ਼ ਨੇ ਰੂਪ ਬਦਲਣਾ ਹੈ। ਇਸ ਹੁਕਮ ਅਧੀਨ ਹੀ ਸੈਣੀ ਸਾਹਿਬ 7 ਮਈ, 2020 ਨੂੰ 102 ਸਾਲ ਦੀ ਉਮਰ ਤੋਂ ਕੁੱਝ ਮਹੀਨੇ ਪਹਿਲਾਂ ਅਕਾਲਪੁਰਖ ਪਾਸ ਚਲੇ ਗਏ ਹਨ।ਰਾਕੇਸ਼ ਨੇ ਆਪਣੇ ਦਾਦਾ ਜੀ ਦੇ ਆਖਰੀ ਸਮੇਂ ਬਾਰੇ ਦੱਸਿਆ ਕਿ ਉਹ ਗੀਤਾ ਦਾ ਪੂਰਾ ਪਾਠ ਸੁਣ ਕੇ ਸ਼ਾਂਤੀ ਨਾਲ ਅੱਖਾਂ ਬੰਦ ਕਰ ਕੇ ਸਦਾ ਦੀ ਨੀਂਦ ਸੌਂ ਗਏ। ਉਸ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਦਾਦਾ ਜੀ ਦੇ ਰੂਪ ਵਿੱਚ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਕੀਤੇ ਹਨ। ਸੈਣੀ ਜੀ ਦੇ ਪ੍ਰਭਾਵ ਸਦਕਾ ਉਨ੍ਹਾਂ ਦੇ ਪੋਤਰੇ ਰਾਕੇਸ਼ ਅਤੇ ਪੋਤ ਨੂੰਹ ਸ਼੍ਰੀਮਤੀ ਗੁਰਜਿੰਦਰ ਕੌਰ ਨੇ ਵੀ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਸੈਣੀ ਭਵਨ ਨੂੰ 175000 ਰੁਪਏ ਦਾਨ ਦਿੱਤੇ ਹੋਏ ਹਨ।

ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਬਹੁਤ ਨਮੋਸ਼ੀ ਹੈ ਕਿ ਉਹ ਕਰੋਨਾ ਵਾਇਰਸ ਦੇ ਮੱਦੇਨਜ਼ਰ ਸਰਕਾਰ ਵਲੋਂ ਲਗਾਈਆਂ ਪਾਬੰਦੀਆਂ ਕਾਰਨ ਸ਼੍ਰੀ ਸੈਣੀ ਜੀ ਦੇ ਅੰਤਿਮ ਦਰਸ਼ਨ ਨਹੀਂ ਕਰ ਸਕੇ ਪਰ ਉਨ੍ਹਾਂ ਦੀਆਂ ਯਾਦਾਂ ਹਮੇਸ਼ਾਂ ਸਾਡੇ ਮਨ ਵਿੱਚ ਉਕਰੀਆਂ ਰਹਿਣਗੀਆਂ। ਆਪ ਅਸਲੀ ਅਰਥਾਂ ਵਿੱਚ ਬ੍ਰਹਮ ਗਿਆਨੀ ਸਨ ਜਿਸ ਬਾਰੇ ਗੁਰਬਾਣੀ ਵਿੱਚ ਕਥਨ ਹੈ-

"ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ"

ਪ੍ਰਮਾਤਮਾ ਅਜਿਹੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

## ਸਵੈ-ਸੁਰੱਖਿਆ ਲਈ ਕੁੱਝ ਕੀਮਤੀ ਸੁਝਾਅ

**ਲੜਕੀਆਂ ਦੀ ਸੁਰੱਖਿਆ**

- ਗੂਗਲ ਪਲੇਅ ਤੋਂ **"ਸ਼ਕਤੀ ਐਪ"** ਡਾਊਨਲੋਡ ਕਰੋ।
- ਆਪਣੇ ਵੇਰਵੇ ਭਰੋ ਤੇ "ਰਜਿਸਟਰ" ਬਟਣ ਦਬਾਓ।
- SOS ਵਿੱਚ ਆਪਣੀ ਜਾਣ ਪਹਿਚਾਣ ਵਾਲੇ ਕੋਈ 10 ਟੈਲੀਫੋਨ ਨੰਬਰ ਭਰੋ।
- ਲੋੜ ਸਮੇਂ HELP 'ਤੇ ਕਲਿਕ ਕਰੋ, ਸਾਰੇ 10 ਟੈਲੀਫੋਨ ਨੰਬਰਾਂ 'ਤੇ SMS ਜਾਵੇਗਾ।
- ਇਹ SMS ਅਲਰਟ ਪੁਲਿਸ ਕੰਟਰੋਲ ਰੂਮ, ਥਾਣਾ ਅਤੇ ਡੀ.ਐਸ.ਪੀ ਦਫਤਰ ਵੀ ਜਾਵੇਗਾ।
- SMS ਮਿਲਣ 'ਤੇ ਕੰਟਰੋਲ ਰੂਮ ਤੁਰੰਤ ਪੀੜਿਤ ਲੜਕੀ ਨਾਲ ਸੰਪਰਕ ਕਰੇਗਾ ਅਤੇ ਉਸ ਖੇਤਰ ਦੀ PCR ਨੂੰ ਸੂਚਿਤ ਕਰੇਗਾ।
- PCR ਅਧਿਕਾਰੀ ਤੁਰੰਤ ਪੀੜਤ ਲੜਕੀ ਦੀ ਮਦਦ ਲਈ ਉਸ ਸਥਾਨ 'ਤੇ ਪਹੁੰਚੇਗਾ ਅਤੇ ਸਬੰਧਿਤ ਐਸ.ਐਚ.ਉ ਨੂੰ 15 ਮਿੰਟ ਵਿੱਚ ਸੂਚਿਤ ਕਰੇਗਾ ਜੋ ਲੋੜੀਂਦੀ ਕਾਰਵਾਈ ਕਰੇਗਾ। ਇਸ ਸਾਰੀ ਉਪਰੇਸ਼ਨ ਦੀ ਨਿਗਰਾਨੀ ਸਬੰਧਿਤ ਡੀ.ਐਸ.ਪੀ ਕਰੇਗਾ।

(ਵਲੋਂ- ਕਮਿਉਨਿਟੀ ਪੁਲਿਸਿੰਗ ਵਿੰਗ, ਪੰਜਾਬ ਪੁਲਿਸ, ਮੋਹਾਲੀ)

**ਬੱਚੇ ਦੀ ਮਦਦ**

**"CHILD LINE" (ਚਾਈਲਡ ਲਾਈਨ) 1098** ਡਾਇਲ ਕਰੋ ਜੇ-

-ਕੋਈ ਬੱਚਾ ਇਕੱਲਾ ਹੈ ਅਤੇ ਬਿਮਾਰ ਹੈ ਅਤੇ ਉਸ ਕੋਲ ਇਲਾਜ ਲਈ ਪੈਸੇ ਨਹੀਂ।

-ਕਿਸੇ ਬੱਚੇ ਦਾ ਘਰ, ਸਕੂਲ ਜਾਂ ਕੰਮ 'ਤੇ ਸ਼ੋਸ਼ਣ ਹੋ ਰਿਹਾ ਹੋਵੇ।

-ਕੋਈ ਗਵਾਚਿਆ ਬੱਚਾ ਤੁਹਾਨੂੰ ਮਿਲੇ।

-ਕਿਸੇ ਬੱਚੇ ਨਾਲ ਦੁਰਘਟਨਾ ਹੋ ਜਾਵੇ ਅਤੇ ਉਸ ਦੀ ਮਦਦ ਲਈ ਕੋਈ ਨਾ ਹੋਵੇ।

ਚਾਇਲਡ ਲਾਈਨ 24 ਘੰਟੇ ਚੱਲਣ ਵਾਲੀ ਮੁਫਤ ਸੰਕਟਕਾਲੀਨ ਰਾਸ਼ਟਰੀ ਫੋਨ ਸੇਵਾ ਹੈ।

ਵਲੋਂ- ਐਸੋਸੀਏਸ਼ਨ ਫਾਰ ਸੋਸ਼ਲ ਐਂਡ ਰੂਰਲ ਐਡਵਾਂਸਮੈਂਟ, ਰੂਪਨਗਰ

**ਪੀੜਤ ਔਰਤਾਂ**

**ਸੰਕਟਕਾਲੀਨ ਫੋਨ ਨੰਬਰ- 1091, 1090, 1096**

ਜਿਸ ਜੰਗ ਵਿੱਚ ਬਾਦਸ਼ਾਹ ਦੀ ਜਾਨ ਨੂੰ ਖਤਰਾ ਨਾ ਹੋਵੇ, ਉਸ ਨੂੰ ਜੰਗ ਨਹੀਂ ਸਿਆਸਤ ਕਹਿੰਦੇ ਹਨ।

-ਚਾਣਕਯ

ਜਨਵਰੀ- ਮਈ 2020 ਦੌਰਾਨ

## ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



### ਨਵੇਂ ਸਾਲ ਨੂੰ ਸਮਰਪਿਤ ਖ਼ੂਨਦਾਨ ਕੈਂਪ:-

ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੂਟੇਬਲ ਟਰੱਸਟ (ਰਜਿ.) ਵੱਲੋਂ 5 ਜਨਵਰੀ 2020 ਨੂੰ ਸੈਣੀ ਭਵਨ ਵਿਖੇ ਨਵੇਂ ਸਾਲ ਨੂੰ ਸਮਰਪਿਤ 13ਵਾਂ ਖ਼ੂਨਦਾਨ ਕੈਂਪ ਲਗਾਇਆ। ਮਾਨਵ ਭਲਾਈ ਦੇ ਪ੍ਰੋਗਰਾਮ ਤਹਿਤ **ਲਾਈਫ ਲਾਇਨ ਬੱਲਡ ਡੋਨਰ ਸੁਸਾਇਟੀ ਰੂਪਨਗਰ, ਜ਼ਿਲ੍ਹਾ ਸਾਂਝ ਕੇਂਦਰ ਰੂਪਨਗਰ ਅਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ** ਦੇ ਸਹਿਯੋਗ ਨਾਲ ਲਗਾਏ ਇਸ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਵੱਲੋਂ ਖ਼ੂਨ ਇਕੱਤਰਤ ਕੀਤਾ ਗਿਆ। ਕੈਂਪ ਦਾ ਉਦਘਾਟਨ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਨਵਨਿਯੁਕਤ ਚੇਅਰਮੈਨ ਉੱਘੀ ਸੈਣੀ ਸ਼ਖ਼ਸੀਅਤ **ਸ੍ਰੀ ਕਮਲਦੀਪ ਸਿੰਘ ਸੈਣੀ** ਨੇ ਕੀਤਾ। ਉਨ੍ਹਾਂ ਖ਼ੂਨਦਾਨੀਆਂ ਅਤੇ ਕੈਂਪ ਨੂੰ ਸਹਿਯੋਗ ਦੇਣ ਵਾਲਿਆ ਦਾ ਸਨਮਾਨ ਵੀ ਕੀਤਾ। ਉਨ੍ਹਾਂ ਖ਼ੂਨਦਾਨ ਕੈਂਪ ਵਰਗੇ ਨੇਕ ਕਾਰਜ ਕਰਨ ਲਈ ਟਰੱਸਟ ਦੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਇਸ ਮੌਕੇ 101 ਵਾਰੀ ਖ਼ੂਨਦਾਨ ਕਰਨ ਵਾਲੇ ਤਰਸੇਮ ਸੈਣੀ ਨੰਗਲ ਅਤੇ ਬਲੱਡ ਡੋਨਰ ਕਮਲਜੀਤ ਸਿੰਘ ਬਾਬਾ ਅਤੇ ਦਲਜੀਤ ਸਿੰਘ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਕੈਂਪ ਦੌਰਾਨ ਨਰਿੰਦਰ ਸਿੰਘ ਖਾਬੜਾ ਨੇ 80ਵੀਂ ਵਾਰ, ਮਨਜੀਤ ਸਿੰਘ ਨੇ 55ਵੀਂ ਵਾਰ, ਜਗਮੋਹਣ ਸਿੰਘ ਨੇ 51ਵੀਂ ਵਾਰ, ਜਗਦੇਵ ਸਿੰਘ ਨੇ 31ਵੀਂ ਵਾਰ, ਕੇਵਲ ਸਿੰਘ ਨੇ 27ਵੀਂ ਵਾਰ, ਮਨਜੀਤ ਸਿੰਘ ਬੇਦੀ ਤੇ ਰਾਹੁਲ ਮਹਿਤਾ ਨੇ 26ਵੀਂ ਵਾਰ, ਅਮਿਤ ਸੈਣੀ ਤੇ ਨਦਿੰਦਰ ਸਿੰਘ ਨੇ 20ਵੀਂ ਵਾਰ, ਅਰੁਣ ਸੈਣੀ ਨੇ 19ਵੀਂ ਵਾਰ, ਗੁਰਵਿੰਦਰ ਸਿੰਘ ਤੇ ਧੀਰਜ਼ ਗੁਪਤਾ ਨੇ 17ਵੀ ਵਾਰ, ਅਮਨਦੀਪ ਸਿੰਘ ਨੇ 16ਵੀਂ ਵਾਰ, ਮਨਜੀਤ ਸਿੰਘ ਤੇ ਰਾਜਿੰਦਰ ਸਿੰਘ ਨੇ 15ਵੀਂ ਵਾਰ ਅਤੇ ਸੁਖਦੀਪ ਸਿੰਘ ਨੇ ਪਹਿਲੀ ਵਾਰ ਖ਼ੂਨਦਾਨ ਕੀਤਾ। ਕੈਂਪ ਵਿੱਚ ਆਏ ਖ਼ੂਨਦਾਨੀਆਂ ਅਤੇ ਮਹਿਮਾਨਾਂ ਦਾ ਟਰੱਸਟ ਦੇ ਪੀ.ਆਰ.ੳ ਰਾਜਿੰਦਰ ਸੈਣੀ ਨੇ ਸਵਾਗਤ ਅਤੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਟਰੱਸਟ ਦੇ ਸਮਾਜ ਭਲਾਈ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਾਂਗਰਸ ਪਾਰਟੀ ਦੇ ਯੂਥ ਭਲਾਈ ਵਿੰਗ ਦੇ ਵਾਇਸ ਚੇਅਰਮੈਨ ਅਮਰੀਕ ਸਿੰਘ ਹੈਪੀ, ਯੁਵਕ ਨੇਤਾ ਮਨਦੀਪ ਸਿੰਘ, ਧੀਰਜ ਗੋਇਲ ਨੇ ਵੀ ਟਰੱਸਟ ਨੂੰ ਸਮਾਜ ਭਲਾਈ ਕੰਮ ਕਰਨ ਲਈ ਵਧਾਈ ਦਿੱਤੀ। ਟਰੱਸਟੀ ਰਾਮ ਸਿੰਘ ਸੈਣੀ ਤੇ ਬਹਾਦਰਜੀਤ ਸਿੰਘ ਨੇ ਮੁੱਖ ਮਹਿਮਾਨ ਅਤੇ ਆਏ ਪਤਵੰਤੇ ਵਿਅਕਤੀਆਂ ਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਐਮ ਸੀ ਕਰਨੈਲ ਸਿੰਘ ਤੰਬੜ, ਕੈਪਟਨ ਹਾਕਮ ਸਿੰਘ, ਦੇਵਿੰਦਰ ਸਿੰਘ ਜਟਾਣਾ, ਗੁਰਮੁੱਖ ਸਿੰਘ ਲੋਂਗੀਆ, ਐਡਵੋਕੇਟ ਹਰਸਿਮਰ ਸਿੰਘ ਸਿੱਟਾ, ਸੁਖਵਿੰਦਰ ਸਿੰਘ ਦੇਸੂਮਾਜਰਾ, ਰਾਜਿੰਦਰ ਸਿੰਘ, ਇਜ. ਹਰਜੀਤ ਸਿੰਘ ਸੈਣੀ, ਹਰਜੀਤ ਸਿੰਘ ਗਿਰਨ, ਅਮਰਜੀਤ ਸਿੰਘ, ਏਐਸਆਈ ਤਰਲੋਚਨ ਸਿੰਘ ਵੀ ਹਾਜ਼ਰ ਸਨ।

### ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 36ਵਾਂ ਅੰਕ ਲੋਕਅਰਪਣ ਅਤੇ ਸਨਮਾਨ ਸਮਾਰੋਹ;-

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 36ਵਾਂ ਅੰਕ ਵੀ 5 ਜਨਵਰੀ 2020 ਨੂੰ ਸਮਾਗਮ ਦੌਰਾਨ ਲੋਕਅਰਪਣ ਕੀਤਾ ਗਿਆ। ਇਸ ਨੂੰ ਜਾਰੀ ਕਰਨ ਦੀ ਰਸਮ ਸ੍ਰੀ ਕਮਲਦੀਪ ਸਿੰਘ ਸੈਣੀ, ਚੇਅਰਮੈਨ ਪੰਜਾਬ ਰਾਜ ਸਹਿਕਾਰੀ ਖੇਤੀਵਾੜੀ ਵਿਕਾਸ ਬੈਂਕ ਨੇ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆ ਚੇਅਰਮੈਨ ਕਮਲਦੀਪ ਸਿੰਘ ਨੇ ਕਿਹਾ ਕਿ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਸਮਾਜ ਭਲਾਈ ਦੇ ਕਾਰਜ ਖਾਸ ਕਰਕੇ ਘੱਟ ਆਮਦਨ ਵਾਲੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਕਿੱਤਾਮੁਖੀ ਸਿੱਖਿਆ ਦੇ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਯੋਗ ਬਣਾਉਣ ਅਤੇ ਬੱਚਿਆ ਨੂੰ ਪੜ੍ਹਾਈ ਲਈ ਵਜੀਫ਼ੇ ਦੇਣ ਦਾ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਉਸ ਲਈ ਇਹ ਸੰਸਥਾ ਵਧਾਈ ਦੀ ਪਾਤਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਛੋਟੇ ਕਿਸਾਨਾਂ ਦੀ ਸੇਵਾ ਕਰਨ ਵਾਲੇ ਖੇਤੀਵਾੜੀ ਵਿਕਾਸ ਬੈਂਕ ਰਾਹੀ ਜੋ ਜਿੰਮੇਵਾਰੀ ਲਗਾਈ ਹੈ, ਉਹ ਉਸ ਤੇ ਪੂਰਾ ਉਤਰਣ ਲਈ ਹਰ ਸੰਭਵ ਕੋਸਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਉਹ ਸਮਾਜਸੇਵੀ ਸੰਸਥਾ ਸੈਣੀ ਭਵਨ ਦੀ ਹਰ ਤਰ੍ਹਾਂ ਨਾਲ ਮਦਦ ਕਰਨਗੇ। ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਡਾ. ਅਜਮੇਰ ਸਿੰਘ ਨੇ ਉਨ੍ਹਾਂ ਨੂੰ ਖੇਤੀਬਾੜੀ ਵਿਕਾਸ ਬੈਂਕ ਦਾ ਚੇਅਰਮੈਨ ਬਣਾਉਣ ਤੇ ਵਧਾਈ ਦਿੱਤੀ ਅਤੇ ਇਸ ਮੌਕੇ ਸੰਸਥਾ ਵੱਲੋਂ ਸ੍ਰੀ ਕਮਲਦੀਪ ਸੈਣੀ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਤੇ ਧੰਨਵਾਦ ਕੀਤਾ। ਸਮਾਗਮ ਸਮੇਂ ਪਤਵੰਤੇ ਵਿਅਕਤੀ ਕਾਂਗਰਸ ਪਾਰਟੀ ਦੇ ਯੂਥ ਭਲਾਈ ਵਿੰਗ ਦੇ ਵਾਇਸ ਚੇਅਰਮੈਨ ਅਮਰੀਕ ਸਿੰਘ ਹੈਪੀ, ਯੁਵਕ ਨੇਤਾ ਮਨਦੀਪ ਸਿੰਘ, ਧੀਰਜ ਗੋਇਲ, ਸਾਬਕਾ ਡੀਈਓ ਹਰਚਰਨ ਦਾਸ, ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਐਮ ਸੀ ਕਰਨੈਲ ਸਿੰਘ ਤੰਬੜ, ਕੈਪਟਨ ਹਾਕਮ ਸਿੰਘ, ਦੇਵਿੰਦਰ ਸਿੰਘ

ਜਟਾਣਾ, ਗੁਰਮੁੱਖ ਸਿੰਘ ਲੌਂਗੀਆ, ਐਡਵੋਕੇਟ ਹਰਸਿਮਰ ਸਿੰਘ ਸਿੱਟਾ, ਸੁਖਵਿੰਦਰ ਸਿੰਘ ਦੇਸੂਮਾਜਰਾ, ਰਾਜਿੰਦਰ ਸਿੰਘ, ਇੰਜ. ਹਰਜੀਤ ਸਿੰਘ ਸੈਣੀ, ਹਰਜੀਤ ਸਿੰਘ ਗਿਰਨ, ਅਮਰਜੀਤ ਸਿੰਘ, ਪ੍ਰੇਮ ਸਿੰਘ ਪੜੀ, ਰਾਜਿੰਦਰ ਸਿੰਘ ਮਾਲਵਾ ਆਦਿ ਹਾਜ਼ਰ ਸਨ।

**ਸੈਣੀ ਭਵਨ 'ਚ ਲੜਕੀਆਂ ਨੇ ਮਨਾਇਆ ਲੋਹੜੀ ਦਾ ਤਿਉਹਾਰ:-**

ਸੈਣੀ ਭਵਨ ਰੂਪਨਗਰ ਵਿਖੇ ਵੱਖ ਵੱਖ ਕੋਰਸ ਕਰ ਰਹੀਆਂ ਲੜਕੀਆਂ ਨੇ 10 ਜਨਵਰੀ 2020 ਨੂੰ ਲੋਹੜੀ ਦਾ ਤਿਉਹਾਰ ਪੂਰੇ ਉਤਸਾਹ ਨਾਲ ਮਨਾਇਆ। ਲੋਹੜੀ ਬਾਲਣ ਦੀ ਰਸਮ ਦਾ ਆਗਾਜ਼ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਕੀਤਾ। ਉਨ੍ਹਾਂ ਲੜਕੀਆਂ ਨੂੰ ਪੰਜਾਬ ਦੇ ਪ੍ਰਸਿੱਧ ਤਿਉਹਾਰ ਲੋਹੜੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਡੇ ਸਮਾਜਿਕ ਤਿਉਹਾਰ ਜਿੱਥੇ ਸਾਨੂੰ ਆਪਣੇ ਵਿਰਸੇ ਨਾਲ ਜੋੜਦੇ ਹਨ ਉੱਥੇ ਇਹ ਤਿਉਹਾਰ ਮਨਾਉਣ ਨਾਲ ਆਪਸੀ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਸਾਰਿਆਂ ਨੂੰ ਜੀਵਨ ਵਿੱਚ ਖੁਸ਼ੀਆ ਬਖਸ਼ੇ। ਉਨ੍ਹਾਂ ਇਸ ਗੱਲ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਅੱਜ ਸਾਡੀਆਂ ਲੜਕੀਆਂ ਜਿੰਦਗੀ ਦੇ ਹਰ ਖੇਤਰ ਵਿੱਚ ਨਾਮਨਾਂ ਖਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੈਣੀ ਭਵਨ 'ਚ ਹਰ ਸਾਲ ਵੱਡੀ ਗਿਣਤੀ ਵਿੱਚ ਲੜਕੀਆਂ ਵੱਖ ਵੱਖ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਪੈਰਾ ਤੇ ਖੜ੍ਹੇ ਹੋਣ ਦੇ ਯੋਗ ਬਣ ਰਹੀਆਂ ਹਨ। ਇਸ ਮੌਕੇ ਲੜਕੀਆਂ ਨੇ ਸੰਸਥਾ ਦੀਆਂ ਟੀਚਰਾਂ ਅੰਜੂ, ਰੇਖਾ, ਕਿਰਨ, ਉਰਮਲਾ ਦੀ ਅਗਵਾਈ ਵਿੱਚ ਗਿੱਧਾ ਤੇ ਨੱਚ ਟੱਪ ਕੇ ਲੋਹੜੀ ਦੀਆਂ ਖੁਸ਼ੀਆਂ ਮਨਾਈਆ ਅਤੇ ਮੂੰਗਫਲੀ, ਰੇੜੀਆਂ ਅਤੇ ਗੱਚਕ ਆਦਿ ਦਾ ਆਨੰਦ ਮਾਨਿਆ। ਇਸ ਮੌਕੇ ਤੇ ਸੰਸਥਾਂ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਬਲਬੀਰ ਸਿੰਘ ਸੈਣੀ, ਰਾਜਿੰਦਰ ਸੈਣੀ, ਇੰਜ. ਡਾ. ਜਸਵੰਤ ਕੌਰ, ਹਰਜੀਤ ਸਿੰਘ ਸੈਣੀ, ਅਮਰਜੀਤ ਸਿੰਘ, ਗੁਰਮੁੱਖ ਸਿੰਘ ਲੌਂਗੀਆ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਸੁਰਿੰਦਰ ਸਿੰਘ, ਅਜੀਤ ਸਿੰਘ, ਪ੍ਰਿਤਪਾਲ ਸਿੰਘ, ਅਜਮੇਰ ਸਿੰਘ ਧਮੜੈਤ, ਹਰਦੀਪ ਸਿੰਘ ਨੇ ਵੀ ਸਭ ਨੂੰ ਲੋਹੜੀ ਦੀ ਵਧਾਈ ਦਿੱਤੀ।

**''ਆਪਣਾ ਘਰ'' 'ਚ ਵੀ ਉਤਸਾਹ ਨਾਲ ਮਨਾਈ ਗਈ ਲੋਹੜੀ :-**

ਸੈਣੀ ਭਵਨ ਦੀ ਦੇਖ ਰੇਖ ਅਧੀਨ ਚੱਲ ਰਹੇ ਸਰਸਵਤੀ ਦੇਵੀ ਮੁੰਦਰਾ ਚੈਰੀਟਬਲ ਟਰੱਸਟ (ਰਜਿ.) ਰੂਪਨਗਰ ਵਲੋਂ ਇੱਥੇ ਹਵੇਲੀ ਕਲਾਂ 'ਚ ਬਜ਼ੁਰਗਾਂ ਲਈ ''ਆਪਣਾ ਘਰ'' ਚਲਾਇਆ ਜਾ ਰਿਹਾ ਹੈ। ਬਜ਼ੁਰਗਾਂ ਦੀ ਸੇਵਾ ਲਈ ਸਮਰਪਿਤ ਇਸ ਘਰ ਵਿੱਚ ਵੀ 13 ਜਨਵਰੀ 2020 ਨੂੰ ਇੰਨਰਵੀਲ ਕਲੱਬ ਰੂਪਨਗਰ ਦੇ ਮੈਂਬਰਾਂ ਵਲੋਂ ਪੰਜਾਬ ਦੇ ਵਿਰਸੇ ਦਾ ਮਹੱਤਵਪੂਰਨ ਤਿਉਹਾਰ ਲੋਹੜੀ ਬਜ਼ੁਰਗਾਂ ਸੰਗ ਬਹੁਤ ਹੀ ਉਤਸਾਹ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਬਿਰਧ ਵਿਦਿਆਲਿਆ ਸ਼ਾਮਪੁਰਾ ਦੇ ਗੂੰਗੇ ਬਹਿਰੇ ਬੱਚਿਆ ਨੇ ਸੰਸਥਾ ਦੀ ਪ੍ਰਿੰਸੀਪਲ ਨੀਲਮ ਦੱਤਾ ਦੀ ਅਗਵਾਈ ਵਿੱਚ ਕਲਚਰਲ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਆਪਣਾ ਘਰ ਦੇ ਟਰੱਸਟੀਆਂ, ਇੰਨਰਵੀਲ ਕਲੱਬ ਦੇ ਮੈਂਬਰਾਂ ਅਤੇ ਇਕਤੱਰਤ ਪਤਵੰਤੇ ਸ਼ਹਿਰੀਆਂ ਨੇ ਇਕ ਦੂਜੇ ਨਾਲ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਸਮਾਜ ਦੇ ਬਜ਼ੁਰਗਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ।

ਇਸ ਮੌਕੇ ਉੱਘੇ ਸਮਾਜ ਸੇਵਕ ਤੇ ਟਰਸੱਟ ਦੇ ਪੈਟਰਨ ਡਾ. ਆਰ. ਐਸ. ਪਰਮਾਰ ਨੇ ਲੋਹੜੀ ਦੇ ਤਿਉਹਾਰ ਦੀ ਸਭ ਨੂੰ ਵਧਾਈ ਦਿੱਤੀ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਆਪਣਾ ਘਰ 'ਚ ਬਜ਼ੁਰਗਾਂ ਸੰਗ ਲੋਹੜੀ ਦਾ ਤਿਉਹਾਰ ਮਨਾਉਣ ਅਤੇ ਸਮੇਂ ਸਮੇਂ ਸਿਰ ਲੋੜੀਦੀ ਮਦਦ ਕਰਨ ਲਈ ਇੰਨਰਵੀਲ ਕਲੱਬ ਮੈਂਬਰਾਂ ਤੋਂ ਇਲਾਵਾ ਪਤਵੰਤੇ ਸ਼ਹਿਰੀਆਂ ਦਾ ਧੰਨਵਾਦ ਕੀਤਾ।

**ਟਰਸਟੀਆਂ ਦੀ ਸਾਲਾਨਾ ਮੀਟਿੰਗ ਅਤੇ ਲੇਖਕਾਂ ਦੇ ਦੇਹਾਂਤ 'ਤੇ ਦੁਖ ਦਾ ਪ੍ਰਗਟਾਵਾ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਦੇ ਟਰੱਸਟੀਆਂ ਵਲੋਂ ਪਹਿਲੀ ਫਰਵਰੀ, 2020 ਨੂੰ ਟਰੱਸਟ ਦੀ ਮੀਟਿੰਗ ਕਰ ਕੇ ਪਿਛਲੇ ਸਾਲ ਦੀ ਪ੍ਰਬੰਧਕੀ ਰਿਪੋਰਟ ਅਤੇ ਆਮਦਨ-ਖਰਚ ਰਿਪੋਰਟ 'ਤੇ ਵਿਚਾਰਵਟਾਂਦਰਾ ਕੀਤਾ। ਇਸ ਸਮੇਂ ਸਾਲ 2020 ਲਈ ਯੋਜਨਾਵਾਂ ਸਬੰਧੀ ਵੀ ਵਿਚਾਰ ਕੀਤੀ। ਸਾਰੇ ਟਰੱਸਟੀਆਂ ਨੇ ਪ੍ਰਬੰਧਕੀ ਕਮੇਟੀ ਦੇ ਕੰਮਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੀਟਿੰਗ ਵਿੱਚ ਹੀ ਪੰਜਾਬੀ ਦੇ ਉਘੇ ਲੇਖਕਾਂ-ਨਾਵਲਕਾਰ ਜਸਵੰਤ ਸਿੰਘ ਕੰਵਲ, ਡਾ. ਦਲੀਪ ਕੌਰ ਟਿਵਾਣਾ ਅਤੇ ਸ.ਸੁਰਜੀਤ ਸਿੰਘ ਢਿੱਲੋਂ ਦੇ ਅਕਾਲ ਚਲਣਾ ਕਰ ਜਾਣ ਤੇ ਵੀ ਦੁਖ ਪ੍ਰਗਟ ਕੀਤਾ ਗਿਆ। ਮੀਟਿੰਗ ਵਿੱਚ ਤਿੰਨੋ ਸਾਹਿਤਕਾਰਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਇਸ ਸਮੇ ਟਰੱਸਟੀ ਸ.ਰਾਮ ਸਿਘ, ਸ. ਗੁਰਮੁਖ ਸਿੰਘ, ਸ. ਹਰਜੀਤ ਸਿੰਘ, ਸ. ਅਜੀਤ ਸਿੰਘ, ਸ. ਗੁਰਮੁਖ ਸਿੰਘ ਲੌਂਗੀਆ, ਸ. ਮਲਕੀਅਤ ਸਿੰਘ , ਸ. ਬਲਬੀਰ ਸਿੰਘ ਸੈਣੀ ਅਤੇ ਡਾ. ਅਜਮੇਰ ਸਿੰਘ ਹਾਜ਼ਰ ਸਨ।

**ਖ਼ੂਨਦਾਨ ਲਹਿਰ 'ਚ ਵਿਸ਼ੇਸ਼ ਯੋਗਦਾਨ ਪਾਉਣ ਲਈ ਸਨਮਾਨ:-**

ਰੋਟਰੀ ਐਂਡ ਬਲੱਡ ਬੈਂਕ ਰਿਸੋਰਸ ਸੈਂਟਰ ਸੈਕਟਰ 37 ਚੰਡੀਗੜ੍ਹ ਵਲੋਂ ਪੰਜਾਬ, ਹਿਮਾਚਲ ਅਤੇ ਹਰਿਆਣਾ 'ਚ ਖ਼ੂਨਦਾਨ ਲਹਿਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਅਵਾਰਡ-2019 ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ

ਭਵਨ ਰੂਪਨਗਰ ਨੂੰ ਸਾਲ ਦੌਰਾਨ ਦੋ ਖ਼ੂਨਦਾਨ ਕੈਂਪ ਲਗਾਉਣ ਤੇ ਸਨਮਾਨਿਤ ਕੀਤਾ। ਇਹ ਸਨਮਾਨ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਚੈਅਰਮੈਨ-ਕਮ-ਪ੍ਰਧਾਨ ਡਾ. ਅਜਮੇਰ ਸਿੰਘ ਅਤੇ ਟਰੱਸਟੀ ਡਾ. ਜਸਵੰਤ ਕੌਰ ਨੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀਮਤੀ ਲਿਪੀ ਪਾਰੀਦਾ ਤੋਂ ਪ੍ਰਾਪਤ ਕੀਤਾ। ਇਸ ਮੌਕੇ ਬਲੱਡ ਬੈਂਕ ਦੇ ਚੇਅਰਮੈਨ ਅਨਿਲ ਨਹਿਰੂ, ਸੁਰਿੰਦਰਪਾਲ ਕੌਰ ਅਤੇ ਡਾਇਰੈਕਟਰ ਡਾ. ਮੁਨੀਸ਼ ਰਾਏ ਵੀ ਹਾਜ਼ਰ ਸਨ।

**ਸੈਣੀ ਭਵਨ ਦੇ ਆਧਾਰ-ਢਾਂਚੇ ਵਿੱਚ ਸੁਧਾਰ :**

ਇਸ ਤਿਮਾਹੀ ਵਿੱਚ ਸਿਲਾਈ ਕਢਾਈ ਸੈਂਟਰ ਦੇ ਕਮਰਿਆਂ ਦੇ ਫਰਸ਼ 'ਤੇ ਕਲੀਨ ਵਿਛਾਇਆ ਗਿਆ ਅਤੇ ਸਿਖਿਆਰਥਣਾਂ ਲਈ 20 ਨਵੇਂ ਸਟੂਲ ਬਣਵਾਏ ਗਏ। ਇਨ੍ਹਾਂ ਕੰਮਾਂ 'ਤੇ ਕੁੱਲ 32000/- ਰੁਪਏ ਖਰਚੇ ਕੀਤੇ ਗਏ।

**ਕੋਵਿਡ 19 ਤੋਂ ਬਚਾਅ ਲਈ ਸਹਾਇਤਾ :**

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਕੁਦਰਤੀ ਆਫ਼ਤਾਂ ਸਮੇਂ ਹਮੇਸ਼ਾਂ ਪੂਰੀ ਤਨਦੇਹੀ ਨਾਲ ਸਬੰਧਤਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਵਿਤੀ ਸਹਿਯੋਗ ਕਰਦੇ ਹਨ। ਇਸ ਪ੍ਰੰਪਰਾ ਅਧੀਨ ਕਰੋਨਾ ਵਾਇਰਸ ਤੋਂ ਲੋਕਾਂ ਦਾ ਬਚਾਅ ਕਰਨ ਲਈ ਮੈਡੀਕਲ ਸਮਾਨ ਖਰੀਦਣ ਹਿਤ ਪ੍ਰਬੰਧਕਾਂ ਨੇ 21000/- ਰੁਪਏ ਰੈੱਡ ਕਰਾਸ ਸੰਸਥਾ ਰੂਪਨਗਰ ਨੂੰ ਡਿਪਟੀ ਕਮਿਸ਼ਨਰ ਰੂਪਨਗਰ ਰਾਹੀਂ ਦਿੱਤੇ ਹਨ। ਇਹ ਕਾਰਜ ਸੰਸਥਾ ਦੇ ਟਰੱਸਟੀਆਂ ਸ. ਬਹਾਦਰਜੀਤ ਸਿੰਘ ਅਤੇ ਸ਼੍ਰੀ ਰਜਿੰਦਰ ਸੈਣੀ ਨੇ ਕੀਤਾ ਹੈ।



* * * * *

## ਸੂਚਨਾ ਅਤੇ ਅਪੀਲ

ਵਿਸ਼ਵਭਰ ਵਿੱਚ ਕਰੋਨਾਵਾਇਰਸ ਦੀ ਦਹਿਸ਼ਤ ਦੇ ਮੱਦੇਨਜ਼ਰ ਪੰਜਾਬ ਵਿੱਚ ਲੱਗੇ ਲਾਕਡਾਊਨ ਤੇ ਕਰਫਿਊ ਕਾਰਨ 38ਵਾਂ ਸਾਲਾਨਾ ਸੈਣੀ ਸੰਮੇਲਨ ਜੋ ਕਿ 4 ਅਪ੍ਰੈਲ, 2020 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਜਾਣਾ ਸੀ, ਅੱਗੇ ਪਾ ਦਿੱਤਾ ਗਿਆ ਸੀ। ਇਸ ਸਮੇਂ ਹੀ 'ਸੈਣੀ ਸੰਸਾਰ' ਦਾ 37ਵਾਂ ਅੰਕ ਰਿਲੀਜ਼ ਕੀਤਾ ਜਾਣਾ ਸੀ। ਹਾਲਾਤ ਦੇ ਨਾ ਸੁਧਰਨ ਕਾਰਨ ਇਸ ਸਾਲ ਦਾ ਸਮਾਗਮ ਰੱਦ ਕਰ ਦਿੱਤਾ ਗਿਆ ਹੈ। ਇਸ ਕਾਰਨ ਮੈਗਜ਼ੀਨ ਆਪ ਨੂੰ ਦੋ ਮਹੀਨੇ ਦੀ ਦੇਰੀ ਬਾਅਦ ਪੁੱਜਦਾ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੂੰ ਪੂਰਨ ਉਮੀਦ ਹੈ ਕਿ ਪਾਠਕ ਇਸ ਦੇਰੀ ਦੀ ਮਜ਼ਬੂਰੀ ਨੂੰ ਸਮਝਦਿਆਂ ਇਤਰਾਜ਼ ਨਹੀਂ ਕਰਨਗੇ ਅਤੇ ਸੈਣੀ ਭਵਨ ਨੂੰ ਪੂਰਨ ਸਹਿਯੋਗ ਦਿੰਦੇ ਰਹਿਣਗੇ।



ਕਵਿਤਾ

## ਬੁੱਲ੍ਹੇ ਨੂੰ....

**ਅਮਰੀਕ ਹਮਰਾਜ**

ਬੁੱਲ੍ਹਿਆ ਭੇਤ ਸੱਜਣ ਦੇ ਪਾਏ।
ਢਿੱਡ ਦੀ ਭੁੱਖ ਨੇ ਸਾਂਗ ਰਚਾਏ।
ਕਾਮ ਅਗਨ ਪਈ ਇਸ਼ਕ ਕਹਾਵੇ।
ਅੱਗ ਦੀ ਭੇਟ ਚੜ੍ਹੇ ਕਿਰਦਾਰ।
ਨਾ ਕੋਈ ਇਸ਼ਕ ਨਾ ਨਵੀਂ ਬਹਾਰ।।

ਝੂਠ ਕਰੇਂਦਾ ਥਾ ਥਾ ਥਈਆ।
ਜੀਭਾਂ 'ਤੇ ਬਹਿ ਗਿਆ ਰੁਪਈਆ।
ਔਲਾਦ ਵੇਚਦੇ ਪਿਉ ਤੇ ਮਈਆ।
ਬਾਗਾਂ ਦੇ ਉੱਲੂ ਸਰਦਾਰ।
ਨਾ ਕੋਈ ਇਸ਼ਕ ਨਾ ਨਵੀਂ ਬਹਾਰ।।

ਫੁੱਲ ਕੋਈ ਚਕਲੇ 'ਤੇ ਰੁਲਿਆ।
ਕੰਜ ਕੁਆਰੀ ਦਾ ਰੱਤ ਡੁੱਲ੍ਹਿਆ।
ਚੱਲ ਮੇਰੇ ਨਾਲ ਦਿਖਾਵਾਂ ਬੁੱਲ੍ਹਿਆ।
ਹੁਸਨ ਵਕੇਂਦਾ ਸ਼ਰੇ-ਬਜ਼ਾਰ।
ਨਾ ਕੋਈ ਇਸ਼ਕ ਨਾ ਨਵੀਂ ਬਹਾਰ।।

ਬਹਿੰਦੇ ਉੱਚੀਆਂ ਗੱਦੀਆਂ ਉੱਤੇ।
ਸੱਚੀਂ ਬਾਜ਼ੀ ਲੈ ਗਏ ਕੁੱਤੇ।
ਹਰ ਪਲ ਪੰਜਿਆਂ ਹੇਠ ਸ਼ਿਕਾਰ।
ਨਾ ਕੋਈ ਇਸ਼ਕ ਨਾ ਨਵੀਂ ਬਹਾਰ।।

ਮੱਕੇ ਕਾਹਬੇ ਭਰੀਆਂ ਅੱਖੀਆਂ।
ਠਾਕਰਦੁਆਰੇ ਛਵੀਆਂ ਰੱਖੀਆਂ।
ਰਾਮ ਅੱਲਾ ਦੀਆਂ ਜ਼ਖਮੀ ਵੱਖੀਆਂ।
ਉਦਾਸ ਮੰਦਰ ਅਤੇ ਗੁਰਦੁਆਰ।
ਨਾ ਕੋਈ ਇਸ਼ਕ ਨਾ ਨਵੀਂ ਬਹਾਰ।।

* * * * *



# ਸਾਡੇ ਮਾਣਮੱਤੇ ਸਕੂਲ ਸਿੱਖਿਆ ਅਧਿਕਾਰੀ

ਡਾ. ਹਰਚਰਨ ਦਾਸ ਸੈਰ
ਰੂਪਨਗਰ

ਸੈਣੀ ਬਰਾਦਰੀ ਵਿੱਚ ਮਿਹਨਤੀ, ਯੋਗ ਤੇ ਇਮਾਨਦਾਰ ਸਕੂਲ ਸਿੱਖਿਆ ਅਧਿਕਾਰੀਆਂ ਦੀ ਭਰਮਾਰ ਹੈ ਪਰ ਇਨ੍ਹਾਂ ਵਿੱਚੋਂ ਬਹੁਤ ਘੱਟ ਸਮਾਜ ਵਿੱਚ ਪਹਿਚਾਣ ਰਖਦੇ ਹਨ। ਇਸ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚੋਂ ਪ੍ਰਮੁਖ ਹੈ ਆਪਣੀ ਬਰਾਦਰੀ ਪ੍ਰਤਿ ਹੀਣਭਾਵਨਾ। ਅਦਾਰਾ 'ਸੈਣੀ ਸੰਸਾਰ' ਦਾ ਹਥਲਾ ਉਪਰਾਲਾ ਇਸ ਕਮਜ਼ੋਰੀ ਨੂੰ ਦੂਰ ਕਰਨ ਵੱਲ ਇੱਕ ਕਦਮ ਹੈ।ਕਾਫੀ ਕੋਸ਼ਿਸ਼ ਉਪਰੰਤ ਜੋ ਨਾਮ ਸਾਹਮਣੇ ਆਏ ਹਨ ਉਨ੍ਹਾਂ ਦੀ ਸੰਖੇਪ ਜਾਣਕਾਰੀ ਦਿੱਤੀ ਜਾ ਰਹੀ ਹੈ। ਜੋ ਰਹਿ ਗਏ ਹਨ ਉਨ੍ਹਾਂ ਦੇ ਵੇਰਵੇ ਪ੍ਰਾਪਤ ਹੋਣ 'ਤੇ ਮੈਗਜ਼ੀਨ ਦੇ ਅਗਲੇ ਅੰਕ ਵਿੱਚ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।



**ਸ.ਅਜਮੇਰ ਸਿੰਘ**- ਆਪ 31 ਮਈ,2019 ਨੂੰ ਸ.ਸੀ.ਸੈ.ਸਕੂਲ( ਲੜਕੇ) ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਦਾ ਜਨਮ ਸ. ਜੋਗਿੰਦਰ ਸਿੰਘ ਦੇ ਘਰ ਰਾਮਪੁਰ(ਝੱਜੋਵਾਲ) ਜ਼ਿਲ੍ਹਾ ਵਿਖੇ ਹੋਇਆ। ਬੀ.ਐਸ.ਸੀ ਕਰਨ ਉਪਰੰਤ 1981 ਵਿੱਚ ਸਾਇੰਸ ਮਾਸਟਰ, ਅਤੇ ਐਮ.ਕਾਮ ਦੀ ਡਿਗਰੀ ਲੈਣ 'ਤੇ ਕਾਮਰਸ ਵਿਸ਼ੇ ਦੇ ਲੈਕਚਰਾਰ ਬਣੇ। ਸੰਨ 2016 ਵਿੱਚ ਆਪ ਨੇ ਸਿੱਖਿਆ ਵਿਭਾਗ ਵਿੱਚ ਗਜ਼ਟਿਡ ਅਧਿਕਾਰੀ ਬਣ ਕੇ ਪ੍ਰਬੰਧਕੀ ਸੇਵਾਵਾਂ ਨਿਭਾਈਆਂ।



**ਡਾ.ਅਜਮੇਰ ਸਿੰਘ**-ਆਪ ਦਾ ਜਨਮ ਸ. ਕਰਮ ਸਿੰਘ ਦੇ ਘਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਜੌੜ ਵਿਖੇ ਹੋਇਆ। ਆਪ ਨੇ ਭੌਤਿਕ ਵਿਗਿਆਨ ਦੀ ਐਮ.ਐਸ.ਸੀ. ਕਰਕੇ ਸਿੱਖਿਆ ਵਿਭਾਗ ਵਿੱਚ ਨੌਕਰੀ ਕਰਦਿਆਂ ਸਿੱਖਿਆ ਵਿਸ਼ੇ ਦੀ ਪੀ.ਐਚ.ਡੀ ਕੀਤੀ ਅਤੇ ਲੈਕਚਰਾਰ, ਪ੍ਰਿੰਸੀਪਲ, ਉੱਪ ਜ਼ਿਲ੍ਹਾ ਸਿੱਖਿਆ ਅਫਸਰ, ਸੀਨੀਅਰ ਲੈਕਚਰਾਰ, ਸਹਾਇਕ ਡਾਇਰੈਕਟਰ, ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਜ਼ਿਲ੍ਹਾ ਸਿੱਖਿਆ ਅਫਸਰ, ਪਿੰਸੀਪਲ ਡਾਇਟ, ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ, ਡਿਪਟੀ ਡਾਇਰੈਕਟਰ(ਸੈਕੰ.) ਅਤੇ ਡਾਇਰੈਕਟਰ ਪ੍ਰਸ਼ਾਸਨ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ। ਆਪ ਨੇ ਦਰਜਨਾਂ ਵਿਗਿਆਨ ਪੁਸਤਕਾਂ ਲਿਖੀਆਂ ਹਨ ਅਤੇ 2009 ਵਿੱਚ ਸੇਵਾਮੁਕਤ ਹੋ ਕੇ ਰੂਪਨਗਰ ਸ਼ਹਿਰ ਵਿੱਚ ਰਹਿੰਦੇ ਹਨ ਅਤੇ ਸਮਾਜ ਸੇਵਾ ਦੇ ਕਈ ਕਾਰਜਾਂ ਵਿੱਚ ਰੁੱਝੇ ਹੋਏ ਹਨ। ਆਪ ਸੈਣੀ ਭਵਨ ਰੂਪਨਗਰ ਦੇ ਚੇਅਰਮੈਨ ਅਤੇ ਮੈਗਜ਼ੀਨ 'ਸੈਣੀ ਸੰਸਾਰ' ਦੇ ਸੰਪਾਦਕ ਹਨ।



**ਡਾ.ਅਮਰਬੀਰ ਸਿੰਘ**- ਗੁਰਦਾਸਪੁਰ ਜ਼ਿਲ੍ਹੇ ਦੇ ਪਿਛੋਕੜ ਵਾਲੇ ਇਸ ਅਧਿਕਾਰੀ ਨੇ ਭੌਤਿਕ ਵਿਗਿਆਨ ਦੇ ਵਿਸ਼ੇ ਵਿੱਚ ਪੋਸਟ-ਗ੍ਰੈਜੁਏਸ਼ਨ ਕੀਤੀ। ਆਪ ਕਈ ਸਾਲ ਸਟੇਟ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਵਿੱਚ ਵਿਸ਼ਾ ਮਾਹਿਰ, ਸਰਬਸਿੱਖਿਆ ਅਭਿਆਨ ਅਥਾਰਟੀ ਅਧੀਨ ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ ਅਤੇ ਸਿੱਖਿਆ ਡਾਇਰੈਕਟੋਰੇਟ ਵਿੱਚ ਸਹਾਇਕ ਡਾਇਰੈਕਟਰ ਰਹਿਣ ਉਪਰੰਤ ਪ੍ਰਿਸੀਪਲ ਦੇ ਅਹੁਦੇ 'ਤੇ ਤਾਇਨਾਤ ਹੋਏ। ਇਸ ਸਮੇਂ ਆਪ ਸ.ਸਮਾਰਟ ਸੀ.ਸੈ. ਸਕੂਲ ਸਮਗੌਲੀ ਵਿਖੇ ਸੇਵਾ ਨਿਭਾ ਰਹੇ ਹਨ।



**ਸ.ਅਮਰਦੀਪ ਸਿੰਘ**- ਆਪ ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਸ੍ਰੀ ਹਰਗੋਬੰਦਪੁਰ ਦੇ ਜੰਮਪਲ ਹਨ। ਆਪ ਨੇ ਮਕੈਨੀਕਲ ਇੰਜਨੀਅਰਿੰਗ ਵਿੱਚ ਬੀ.ਟੈਕ ਕਰਨ ਉਪਰੰਤ ਅੰਮ੍ਰਿਤਸਰ ਵਿਖੇ ਵੋਕੇਸ਼ਨਲ ਲੈਕਚਰਾਰ ਵਜੋਂ ਨੌਕਰੀ ਕੀਤੀ। ਆਪ 2009 ਵਿੱਚ ਤਰੱਕੀ ਕਰ ਕੇ ਗਜ਼ਟਿਡ ਅਧਿਕਾਰੀ ਬਣਨ ਉਪਰੰਤ ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਰਹੇ। ਇਸ ਸਮੇਂ ਆਪ ਸ.ਸੀ.ਸੈ.ਸਕੂਲ ਨੌਸ਼ਹਿਰਾ ਮੱਝਾ ( ਗੁਰਦਾਸਪੁਰ) ਵਿਖੇ ਬਤੌਰ ਪ੍ਰਿੰਸੀਪਲ ਸੇਵਾ ਨਿਭਾ ਰਹੇ ਹਨ।




**ਸ਼੍ਰੀਮਤੀ ਅੰਜੂ ਚੌਧਰੀ**-ਆਪ ਦਾ ਜਨਮ ਹੁਸ਼ਿਆਰਪੁਰ ਸ਼ਹਿਰ ਦੇ ਨਾਮਵਰ ਪਰਿਵਾਰ ਵਿੱਚ ਹੋਇਆ। ਆਪ ਕਾਮਰਸ ਵਿਸ਼ੇ ਦੀ ਪੋਸਟ-ਗ੍ਰੈਜੁਏਸ਼ਨ ਕਰਨ ਉਪਰੰਤ ਪਹਿਲਾਂ ਲੈਕਚਰਾਰ ਅਤੇ ਫਿਰ ਡੀ.ਜੀ.ਐਸ. ਸੀ ਦਫਤਰ ਚੰਡੀਗੜ੍ਹ ਵਿਖੇ ਵਿਸ਼ਾ ਮਾਹਿਰ ਤਾਇਨਾਤ ਹੋ ਗਏ। ਸਾਲ 2017 ਵਿੱਚ ਆਪ ਪਿੰਸੀਪਲ ਬਣੇ। ਇਸ ਸਮੇਂ ਆਪ ਸ.ਗ.ਸੀ.ਸੈ. ਸਕੂਲ ਰੂਪਨਗਰ ਵਿਖੇ ਪਿੰਸੀਪਲ ਹਨ। ਆਪ ਨੇ ਅਥਾਹ ਮਿਹਨਤ, ਲਗਨ ਤੇ ਸੁਯੋਗਤਾ ਨਾਲ ਪ੍ਰਬੰਧ ਚਲਾਉਂਦਿਆ ਇਸ ਸਕੂਲ ਨੂੰ ਆਦਰਸ਼ ਬਣਾਇਆ ਹੈ ਜਿਸ ਸਦਕਾ ਇਹ ਸਕੂਲ ਜ਼ਿਲ੍ਹੇ ਵਿੱਚ ਉੱਤਮ ਘੋਸ਼ਿਤ ਕੀਤਾ ਗਿਆ ਹੈ।



**ਸ਼੍ਰੀਮਤੀ ਚੰਦਰ ਕਾਂਤਾ**- ਆਪ ਰੋਪੜ ਦੇ ਅਤਿ ਸਤਿਕਾਰਤ ਸੈਣੀ ਪਰਿਵਾਰ ਨਾਲ ਸਬੰਧ ਰਖਦੇ ਹਨ। ਆਪ ਸਿੱਖਿਆ ਵਿਭਾਗ ਵਿੱਚ ਗਣਿਤ ਮਾਸਟਰ ਵਜੋਂ ਭਰਤੀ ਹੋ ਕੇ ਤਰੱਕੀ ਉਪਰੰਤ ਮੁੱਖ

ਅਧਿਆਪਕਾ ਅਤੇ ਫਿਰ ਗਜ਼ਟਿਡ ਅਫਸਰ ਬਣ ਕੇ ਸਰਕਾਰੀ ਇੰਨਸਰਵਿਸ ਸੈਂਟਰ ਤੋਂ ਬਤੌਰ ਸੀਨੀਅਰ ਲੈਕਚਰਾਰ ਸੇਵਾਮੁਕਤ ਹੋਏ ਹਨ। ਆਪ ਸ਼ਹਿਰ ਦੇ ਪ੍ਰਸਿੱਧ ਸਮਾਜਸੇਵੀਆਂ ਵਿੱਚੋਂ ਪ੍ਰਮੁੱਖ ਹਨ।



**ਦਲਬੀਰ ਸਿੰਘ ਸੈਣੀ–** ਆਪ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭੱਟੀਆਂ ਵਿੱਚ ਹੋਇਆ। ਆਪ ਨੇ ਐਮ.ਐਸ.ਸੀ. ਕੈਮਿਸਟਰੀ ਕਰ ਕੇ ਸ.ਸੀ.ਸੈ. ਸਕੂਲ ਦੀਨਾਨਗਰ ਵਿੱਚ 23 ਸਾਲ ਲੈਕਚਰਾਰ ਵਜੋਂ ਨੌਕਰੀ ਕੀਤੀ। ਇਸ ਉਪਰੰਤ ਗਜ਼ਟਿਡ ਅਧਿਕਾਰੀ ਦੇ ਅਹੁਦੇ 'ਤੇ ਤਰੱਕੀ ਕਰ ਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ, ਡਾਇਟ ਦੇ ਪਿੰਸੀਪਲ ਬਣੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਤੌਰ 'ਤੇ ਸੇਵਾ ਮੁਕਤ ਹੋਏ। ਆਪ ਨੇ ਇੱਕ ਇਮਾਨਦਾਰ ਤੇ ਮਿਹਨਤੀ ਅਧਿਕਾਰੀ ਦੇ ਤੌਰ 'ਤੇ ਨਾਮਣਾ ਖੱਟਿਆ।



**ਸ.ਦਰਸ਼ਨਜੀਤ ਸਿੰਘ–** ਆਪ ਦਾ ਜਨਮ ਰੂਪਨਗਰ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਖੇੜੀ ਸਲਾਬਤਪੁਰ ਵਿਖੇ ਨਾਮਵਰ ਟਰੇਡ ਯੂਨੀਅਨ ਲੀਡਰ ਕਾਮਰੇਡ ਦਿਦਾਰ ਸਿੰਘ ਦੇ ਘਰ ਹੋਇਆ। ਆਪ ਨੇ ਅਰਥ ਸ਼ਾਸਤਰ ਦੀ ਐਮ.ਏ ਕਰ ਕੇ 1990 ਵਿੱਚ ਲੈਕਚਰਾਰ ਵਜੋਂ ਨੌਕਰੀ ਸ਼ੁਰੂ ਕੀਤੀ ਅਤੇ ਤਰੱਕੀ ਕਰ ਕੇ ਗਜ਼ਟਿਡ ਅਧਿਕਾਰੀ ਬਣੇ। ਇਸ ਸਮੇਂ ਆਪ ਸ.ਸੀ.ਸੈ.ਸਕੂਲ ਸੈਕ.46 ਚੰਡੀਗੜ੍ਹ ਵਿਖੇ ਪ੍ਰਿੰਸੀਪਲ ਹਨ। ਆਪ ਯੂ.ਟੀ. ਦੇ ਵਧੀਆ ਪ੍ਰਿੰਸੀਪਲ ਵਜੋਂ ਸਨਮਾਨਿਤ ਹਨ।



**ਡਾ.ਗੁਰਦੇਵ ਸਿੰਘ ਜੋਸ਼ੀ–** ਆਪ ਦਾ ਪਿਛੋਕੜ ਜ਼ਿਲ੍ਹਾ ਮੋਹਾਲੀ ਦਾ ਪਿੰਡ ਸਿੰਘਪੁਰਾ( ਨੇੜੇ ਕੁਰਾਲੀ) ਹੈ। ਆਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੈਮਿਸਟਰੀ ਵਿਸ਼ੇ ਵਿੱਚ ਐਮ.ਐਸ.ਸੀ ਅਤੇ ਪੀ.ਐਚ.ਡੀ. ਕਰਨ ਉਪਰੰਤ ਸਿੱਖਿਆ ਵਿਭਾਗ ਵਿੱਚ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ( ਪੀ.ਈ.ਐਸ.) ਨਿਯੁਕਤ ਹੋ ਗਏ। ਆਪ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਵਿਸ਼ਾ ਮਾਹਿਰ, ਜ਼ਿਲ੍ਹਾ ਸਿੱਖਿਆ ਅਫਸਰ, ਡਿਪਟੀ ਡਾਇਰੈਕਟਰ ਅਤੇ ਰਾਜ ਸਾਇੰਸ ਸਿੱਖਿਆ ਸੰਸਥਾ ਦੇ ਡਾਇਰੈਕਟਰ ਦੇ ਅਹੁਦਿਆਂ 'ਤੇ ਕੰਮ ਕਰ ਕੇ ਆਪਣੀ ਲਿਆਕਤ, ਮਿਹਨਤ ਤੇ ਇਮਾਨਦਾਰੀ ਦੇ ਝੰਡੇ ਗੱਡੇ। ਆਪ 1992 ਵਿੱਚ ਸਰਕਾਰੀ ਸੇਵਾ ਤੋਂ ਮੁਕਤ ਤਾਂ ਹੋ ਗਏ ਪਰ ਵਿਗਿਆਨ ਦੀਆਂ ਪੁਸਤਕਾਂ ਲਿਖਣ ਵਿੱਚ ਪੂਰੀ ਤਨਦੇਹੀ ਨਾਲ ਰੁੱਝ ਗਏ। ਆਪ ਇਸ ਸਮੇਂ ਮੁਹਾਲੀ ਵਿੱਚ ਰਹਿ ਕੇ ਗਰੀਬ ਬੱਚਿਆਂ ਨੂੰ ਸਿੱਖਿਆ ਦੇਣ ਦਾ ਪਵਿੱਤਰ ਕਾਰਜ ਕਰ ਰਹੇ ਹਨ।



**ਸ. ਗੁਰਮੀਤ ਸਿੰਘ–** ਆਪ ਨੇ ਐਮ.ਕਾਮ ਅਤੇ ਐਮ.ਐਡ. ਕਰਨ ਉਪਰੰਤ ਕਾਮਰਸ ਵਿਸ਼ੇ ਦੇ ਲੈਕਚਰਾਰ ਵਜੋਂ ਸੇਵਾ ਸ਼ੁਰੂ ਕੀਤੀ ਅਤੇ ਤਰੱਕੀ ਕਰ ਕੇ ਪਿੰਸੀਪਲ ਬਣੇ। ਆਪ ਨੇ ਕੁੱਝ ਸਮਾਂ ਬਤੌਰ ਉੱਪ ਜ਼ਿਲ੍ਹਾ ਅਫਸਰ ਵੀ ਕੰਮ ਕੀਤਾ ਹੈ। ਆਪ ਨੇ ਆਪਣੀ ਮਿਹਨਤ ਤੇ ਸੇਵਾ ਭਾਵਨਾ ਸਦਕਾ ਪੰਜਾਬ ਸਰਕਾਰ ਤੋਂ ਰਾਜ ਪੁਰਸਕਾਰ ਹਾਸਲ ਕੀਤਾ ਹੈ। ਆਪ ਇਸ ਸਮੇ ਸ.ਸੀ.ਸੈ. ਸਕੂਲ ਬੂਰਮਾਜਰਾ ਦੇ ਪਿੰਸੀਪਲ ਹਨ। ਆਪ ਲੋਕਾਂ ਨੂੰ ਵਿਗਿਆਨਕ ਸੋਚਣੀ ਨਾਲ ਜੋੜਨ ਲਈ ਤਰਕਸ਼ੀਲ ਸੁਸਾਇਟੀ ਵਿੱਚ ਸਰਗਰਮੀ ਨਾਲ ਕਾਰਜਸ਼ੀਲ ਹਨ।



**ਡਾ.ਹਰਚਰਨ ਦਾਸ ਸੈਰ–** ਰੂਪਨਗਰ ਜ਼ਿਲ੍ਹੇ ਦੇ ਪਿੰਡ ਥਾਣਾ(ਨੂਰਪੁਰ ਬੇਦੀ) ਵਿਖੇ ਸ਼੍ਰੀ ਜਗਦੀਸ਼ ਸਿੰਘ ਦੇ ਘਰ ਜਨਮੇ ਇਸ ਸਿੱਖਿਆ ਅਧਿਕਾਰੀ ਨੇ ਨੌਕਰੀ ਦੌਰਾਨ ਹੀ ਐਮ.ਐਸ.ਸੀ (ਮੈਥ), ਐਮ.ਐਡ. ਐਮ.ਫਿਲ. ਤੇ ਪੀ.ਐਚ.ਡੀ ਕਰ ਕੇ ਬੁਲੰਦੀਆਂ ਨੂੰ ਛੋਹਿਆ ਹੈ। ਆਪ ਨੇ ਸਕੂਲ ਦੇ ਪਿੰਸੀਪਲ ਤੇ ਜ਼ਿਲ੍ਹਾ ਸਿੱਖਿਆ ਅਫਸਰ ਜਿਹੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਜਸ ਖੱਟਿਆ ਅਤੇ 31 ਮਾਰਚ,2017 ਨੂੰ ਇੰਨਸਰਵਿਸ ਟਰੇਨਿੰਗ ਸੈਂਟਰ ਦੇ ਪ੍ਰਿਸੀਪਲ(ਪੀ.ਈ.ਐਸ.- 1) ਬਣ ਕੇ ਸੇਵਾਮੁਕਤ ਹੋਏ ਹਨ। ਆਪ ਨਿਹਾਇਤ ਸਾਊ ਅਤੇ ਮਿਹਨਤੀ ਸੁਭਾਅ ਦੇ ਮਾਲਕ ਹਨ।



**ਸ਼੍ਰੀਮਤੀ ਇਕਬਾਲ ਕੌਰ–** ਆਪ ਨੇ ਕਾਮਰਸ ਵਿਸ਼ੇ ਵਿੱਚ ਪੋਸਟਗ੍ਰੈਜੁਏਸ਼ਨ ਕਰਨ ਉਪਰੰਤ 23 ਸਾਲ ਤੱਕ ਲੈਕਚਰਾਰ ਵਜੋਂ ਸੇਵਾ ਨਿਭਾਈ। ਸੰਨ 2017 ਵਿੱਚ ਆਪ ਸ. ਸੀ. ਸੈ. ਸਕੂਲ ਖਿਜਰਾਬਾਦ ਜ਼ਿਲ੍ਹਾ ਮੁਹਾਲੀ ਵਿਖੇ ਪਿੰਸੀਪਲ ਤਾਇਨਾਤ ਹੋਏ ਜਿੱਥੇ ਇਸ ਸਮੇਂ ਵੀ ਕਾਰਜਸ਼ੀਲ ਹਨ। ਆਪ ਨੇ ਸਿਖਿਆ ਮਹਿਕਮੇ ਵਿੱਚ ਇੱਕ ਮਿਹਨਤੀ ਤੇ ਇਮਾਨਦਾਰ ਅਧਿਕਾਰੀ ਕਰ ਕੇ ਮਾਣ ਖੱਟਿਆ ਹੈ।



**ਸ.ਜਗਤਾਰ ਸਿੰਘ–**ਆਪ ਰੋਪੜ ਸ਼ਹਿਰ ਦੇ ਪਿੰਡ ਖੈਰਾਬਾਦ ਦੇ ਜੰਮਪਲ ਹਨ ਅਤੇ ਇਸ ਸਮੇਂ ਸ.ਗ.ਸੀ.ਸੈ.ਸਕੂਲ ਚਮਕੌਰ ਸਾਹਿਬ ਦੇ ਪਿੰਸੀਪਲ ਹਨ। ਆਪ ਨੇ ਸਰਕਾਰੀ ਕਾਲਜ ਰੋਪੜ ਤੋਂ ਐਮ.ਏ. ਪੰਜਾਬੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਪਟਿਆਲਾ ਤੋਂ ਐਮ.ਐਡ ਕੀਤੀ। ਆਪ ਬਹੁਤ ਥੋੜ੍ਹੀ ਉਮਰ ਵਿੱਚ ਹੀ ਸਰਕਾਰੀ ਨੌਕਰੀ ਵਿੱਚ ਹੈਡਮਾਸਟਰ ਚੁਣੇ ਗਏ ਅਤੇ ਤਰੱਕੀ ਕਰ ਕੇ ਪ੍ਰਿਸੀਪਲ ਬਣ

ਗਏ। ਆਪ ਰਾਸ਼ਟਰੀ ਪੱਧਰ ਦੇ ਹਾਕੀ ਖਿਡਾਰੀ ਹਨ। ਆਪ ਨੇ ਸਪੋਰਟਸ ਆਰਗੇਨਾਈਜ਼ਰ ਅਤੇ ਡਿਪਟੀ ਡਾਇਰੈਕਟਰ ਦੇ ਅਹੁਦਿਆਂ 'ਤੇ ਵੀ ਪੂਰੀ ਸਫਲਤਾ ਨਾਲ ਕੰਮ ਕੀਤਾ ਹੈ।



**ਸ.ਜਤਿੰਦਰ ਸਿੰਘ–** ਆਪ ਦਾ ਜਨਮ ਹੁਸ਼ਿਆਰਪੁਰ ਸ਼ਹਿਰ ਵਿਖੇ ਸ. ਸੁਰਿੰਦਰ ਸਿੰਘ ਦੇ ਘਰ ਹੋਇਆ। ਆਪ ਨੇ ਸਿੱਖਿਆ ਵਿਭਾਗ ਵਿੱਚ ਲੰਮੀ ਮਾਣਮੱਤੀ ਸੇਵਾ ਕਰਦਿਆਂ ਸ.ਸੀ.ਸੈ. ਸਕੂਲ ਬਸੀ ਕਲਾਂ(ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਗਜ਼ਟਿਡ ਅਧਿਕਾਰੀ ਵਜੋਂ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ ਹੈ। ਆਪ ਸਿੱਖਿਆ ਵਿਭਾਗ ਦੇ ਮਿਹਨਤੀ ਅਧਿਕਾਰੀਆਂ ਵਿੱਚ ਗਿਣੇ ਜਾਂਦੇ ਹਨ।



**ਸ.ਜਸਕਰਨਜੀਤ ਸਿੰਘ–** ਆਪ ਨੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਤੋਂ ਬੀ.ਟੈਕ ਤੇ ਐਮ.ਬੀ.ਏ ਦੀਆਂ ਡਿਗਰੀਆਂ ਹਾਸਲ ਕਰ ਕੇ ਸੰਨ 1994 ਵਿੱਚ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਨੌਕਰੀ ਸ਼ੁਰੂ ਕੀਤੀ। ਆਪ 2009 ਵਿੱਚ ਤਰੱਕੀ ਕਰ ਕੇ ਬਤੌਰ ਗਜ਼ਟਿਡ ਅਧਿਕਾਰੀ ਸ.ਸੀ.ਸੈ.ਸਕੂਲ ਦੀਨਾ ਨਗਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਸੀਪਲ ਤਾਇਨਾਤ ਹੋਏ ਜਿੱਥੇ ਆਪ ਤਨਦੇਹੀ ਨਾਲ ਸੇਵਾਵਾਂ ਨਿਭਾ ਰਹੇ ਹਨ।



**ਸ਼੍ਰੀ ਕੇ.ਕੇ.ਸੈਣੀ–** ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਭੌਤਿਕ ਵਿਗਿਆਨ ਵਿੱਚ ਐਮ.ਐਸ. ਸੀ. ਕੀਤੀ ਅਤੇ ਸਿੱਧੇ ਹੀ ਸਰਕਾਰੀ ਸਕੂਲ ਵਿੱਚ ਲੈਕਚਰਾਰ ਚੁਣੇ ਗਏ। ਆਪ ਨੇ ਤਰੱਕੀ ਕਰਨ ਉਪਰੰਤ ਕੁੱਝ ਸਮਾਂ ਉਪ ਜ਼ਿਲ੍ਹਾ ਸਿੱਖਿਆ ਅਫਸਰ ਵਜੋਂ ਕੰਮ ਕੀਤਾ ਅਤੇ 31 ਜੁਲਾਈ 1997 ਨੂੰ ਸਰਕਾਰੀ ਇੰਨ ਸਰਵਿਸ ਟਰੇਨਿੰਗ ਸੈਂਟਰ ਹੁਸ਼ਿਆਰਪੁਰ ਤੋਂ ਪ੍ਰਿੰਸੀਪਲ (ਪੀ.ਈ.ਐਸ.-1) ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਨੇ ਸਿੱਖਿਆ ਮਹਿਕਮੇ ਵਿੱਚ ਇੱਕ ਅਸੂਲਪ੍ਰਸਤ ਤੇ ਨਿਡਰ ਅਧਿਕਾਰੀ ਵਜੋਂ ਆਪਣੀ ਪਹਿਚਾਣ ਬਣਾਈ।



**ਸ.ਕਮਲਜੀਤ ਸਿੰਘ–** ਆਪ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁੱਡਾ ਦੇ ਜੰਮਪਲ ਹਨ। ਆਪ ਪੋਲਿਟੀਕਲ ਸਾਇੰਸ, ਪੰਜਾਬੀ ਅਤੇ ਸਿੱਖਿਆ ਵਿਸ਼ਿਆਂ ਵਿੱਚ ਪੋਸਟਗ੍ਰੈਜੂਏਸ਼ਨ ਕਰ ਕੇ ਅਧਿਆਪਕ ਲੱਗ ਗਏ। ਫਿਰ 1989 ਵਿੱਚ ਸਿੱਧੀ ਭਰਤੀ ਰਾਹੀਂ ਹੈਡਮਾਸਟਰ ਚੁਣੇ ਗਏ ਅਤੇ ਤਰੱਕੀ ਕਰ ਕੇ 1997 ਵਿੱਚ ਪ੍ਰਿੰਸੀਪਲ ਬਣੇ। ਆਪ ਉਪ ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਸਿੱਖਿਆ ਅਫਸਰ ਰਹਿਣ ਉਪਰੰਤ 2009 ਵਿੱਚ ਡਿਪਟੀ ਮੰਡਲ ਸਿੱਖਿਆ ਅਫਸਰ ਵਜੋਂ ਸੇਵਾਮੁਕਤ ਹੋਏ।



**ਸ਼੍ਰੀਮਤੀ ਮਨਜੀਤ ਕੌਰ–** ਸ਼੍ਰੀਮਤੀ ਮਨਜੀਤ ਕੌਰ ਸ.ਗ.ਸੀ.ਸੈ.ਸਕੂਲ ਰੂਪਨਗਰ ਵਿੱਚ ਪ੍ਰਿੰਸੀਪਲ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾਮੁਕਤ ਹੋਏ ਹਨ। ਆਪ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅੰਗਰੇਜ਼ੀ ਵਿਸ਼ੇ ਵਿੱਚ ਐਮ.ਏ. ਕਰ ਕੇ ਕਈ ਸਾਲਾਂ ਤੱਕ ਲੈਕਚਰਾਰ ਵਜੋਂ ਸੇਵਾ ਨਿਭਾਈ। ਆਪ ਨੇ ਆਪਣੀ ਮਿਹਨਤ ਸਦਕਾ ਵਿਦਿਆਰਥੀਆਂ ਤੋਂ ਸਤਿਕਾਰ ਹਾਸਲ ਕੀਤਾ ਅਤੇ ਪ੍ਰਬੰਧਕ ਵਜੋਂ ਸਕੂਲ ਨੂੰ ਬੁਲੰਦੀਆਂ 'ਤੇ ਪਹੁੰਚਾਇਆ।



**ਸ.ਰਣਜੀਤ ਸਿੰਘ–** ਆਪ ਚੰਡੀਗੜ੍ਹ ਦੇ ਬੜੈਲ ਪਿੰਡ ਦੇ ਵਸਨੀਕ ਹਨ। ਆਪ ਯੂ.ਟੀ. ਚੰਡੀਗੜ੍ਹ ਦੇ ਸਿਖਿਆ ਵਿਭਾਗ ਵਿੱਚ 35 ਸਾਲ ਸੇਵਾ ਕਰਨ ਉਪਰੰਤ ਸ. ਮਾ. ਸੀ. ਸੈ. ਸਕੂਲ ਸੈਕਟਰ-28 ਤੋਂ ਸੇਵਾਮੁਕਤ ਹੋਏ ਹਨ। ਹੁਣ ਆਪ ਬੜੈਲ ਰੈਜ਼ੀਡੈਂਟਸ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ, ਇਸ ਸੈਕਟਰ ਦੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਅਤੇ ਸੈਣੀ ਭਵਨ ਚੰਡੀਗੜ੍ਹ ਦੇ ਕਾਰਜਕਾਰਨੀ ਮੈਂਬਰ ਹਨ।



**ਸ਼੍ਰੀ ਸੱਤਪਾਲ ਸੈਣੀ–** ਆਪ ਊਨਾ ਜ਼ਿਲ੍ਹੇ ਦੇ ਪਿੰਡ ਕੋਟਲਾ ਕਲਾਂ ਦੇ ਰਹਿਣ ਵਾਲੇ ਹਨ ਅਤੇ ਇਸ ਸਮੇਂ ਸ.ਸੀ.ਸੈ. ਸਕੂਲ ਖਰੜ ਅੱਛਰਵਾਲ(ਜ਼ਿਲ੍ਹਾ) ਹੁਸ਼ਿਆਰਪੁਰ ਦੇ ਪਿੰਸੀਪਲ ਹਨ। ਆਪ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਭੌਤਿਕ ਵਿਗਿਆਨ ਵਿਸ਼ੇ ਦੀ ਐਮ.ਐਸ.ਸੀ ਤੇ ਐਮ.ਐਡ ਕਰਨ ਉਪਰੰਤ ਕਾਫੀ ਸਮਾਂ ਸ.ਸੀ.ਸੈ.ਸਕੂਲ ਨਵਾਂ ਨੰਗਲ ਵਿਖੇ ਲੈਕਚਰਾਰ ਵਜੋਂ ਸੇਵਾ ਨਿਭਾਈ। ਆਪ ਅਤਿ ਦੇ ਸਮਰਪਿਤ ਤੇ ਮਿਹਨਤੀ ਅਧਿਆਪਕ ਤੇ ਪ੍ਰਬੰਧਕ ਹਨ।



**ਸ਼੍ਰੀਮਤੀ ਸਤਵੰਤ ਕੌਰ ਕਲੋਟੀ–** ਆਪ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚਨੌਰ ਦੇ ਜੰਮਪਲ ਹਨ ਅਤੇ ਇਸ ਸਮੇਂ ਸ.ਸੀ.ਸੈ. ਸਕੂਲ ਖੜਕਾਂ( ਹੁਸ਼ਿਆਰਪੁਰ-ਊਨਾ ਰੋਡ) ਦੇ ਪ੍ਰਿੰਸੀਪਲ ਹਨ। ਆਪ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਗੋਲਡ ਮੈਡਲ ਸਹਿਤ ਭੌਤਿਕ ਵਿਗਿਆਨ ਦੀ ਐਮ.ਐਸ.ਸੀ ਕੀਤੀ ਅਤੇ ਸਰਕਾਰੀ ਨੌਕਰੀ ਵਿੱਚ ਬਤੌਰ ਲੈਕਚਰਾਰ ਸੇਵਾ ਕਰਨ ਲੱਗੇ। ਆਪ ਅਧਿਆਪਨ ਦੇ ਨਾਲ ਨਾਲ ਵਿਗਿਆਨ ਦੀਆਂ ਪੁਸਤਕਾਂ ਲਿਖਣ ਦਾ ਕਾਰਜ ਵੀ ਬਾਖੂਬੀ ਕਰਦੇ ਹਨ। ਆਪ ਇੱਕ ਸਫਲ ਪ੍ਰਬੰਧਕ ਅਤੇ ਪ੍ਰਤਿਭਾਸ਼ਾਲੀ ਸਖਸ਼ੀਅਤ ਹਨ।

**ਸ਼੍ਰੀਮਤੀ ਸੁਖਵਿੰਦਰ ਕੌਰ–** ਖਰੜ ਵਿਖੇ ਸ. ਹਰਵੇਲ ਸਿੰਘ ਦੇ ਘਰ 1965 ਵਿੱਚ ਜਨਮੇ ਇਸ ਅਧਿਕਾਰੀ ਨੇ



ਸਿਖਿਆ ਵਿਭਾਗ ਵਿੱਚ ਨੌਕਰੀ ਸ.ਸੀ.ਸੈ.ਸਕੂਲ ਝੱਜ ( ਜ਼ਿਲ੍ਹਾ ਰੂਪਨਗਰ) ਵਿਖੇ ਵੋਕੇਸ਼ਨਲ ਮਾਸਟਰ ਵਜੋਂ ਸ਼ੁਰੂ ਕੀਤੀ। ਆਪ ਨਵੰਬਰ,2016 ਵਿੱਚ ਤਰੱਕੀ ਕਰ ਕੇ ਗਜ਼ਟਿਡ ਅਧਿਕਾਰੀ ਬਣੇ ਅਤੇ ਸ.ਸੀ.ਸੈ.ਸਕੂਲ ਅਟਾਰੀ ਵਿੱਚ ਪ੍ਰਿੰਸੀਪਲ ਤਾਇਨਾਤ ਹੋਏ ਜਿੱਥੇ ਆਪ ਨੇ ਆਪਣੀ ਮਿਹਨਤ ਤੇ ਸਿਦਕਦਿਲੀ ਨਾਲ ਕਾਰਜ ਕਰਦਿਆਂ ਸਕੂਲ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਹੈ।



**ਸ਼੍ਰੀਮਤੀ ਸਨੇਹ ਲਤਾ**- ਆਪ ਦਾ ਪਿਛੋਕੜ ਰੂਪਨਗਰ ਦਾ ਹੈ ਪਰ ਹੁਣ ਲੁਧਿਆਣਾ ਸ਼ਹਿਰ ਦੇ ਪੱਕੇ ਵਸਨੀਕ ਬਣ ਗਏ ਹਨ। ਆਪ 2013 ਤੱਕ ਸ. ਇੰਨਸਰਵਿਸ ਟ੍ਰੇਨਿੰਗ ਸੈਂਟਰ ਲੁਧਿਆਣਾ ਦੇ ਪ੍ਰਿੰਸੀਪਲ ਰਹੇ ਅਤੇ ਸ.ਸੀ.ਸੈ.ਸਕੂਲ ਹੰਭੜਾ(ਲੁਧਿਆਣਾ) ਤੋਂ ਫਰਬਰੀ 2020 ਵਿੱਚ ਬਤੌਰ ਪ੍ਰਿਸੀਪਲ ਸੇਵਾਮੁਕਤ ਹੋਏ ਹਨ। ਆਪ ਨੇ ਆਪਣੀ ਮਿਹਨਤ ਤੇ ਲਗਨ ਸਦਕਾ ਪਿਛੜੇ ਇਲਾਕੇ ਵਿੱਚ ਸਥਿਤ ਇਸ ਸਕੂਲ ਦੀ ਨੁਹਾਰ ਬਦਲ ਦਿੱਤੀ ਜਿਸ ਬਦਲੇ ਆਪ ਨੂੰ ਇਲਾਕੇ ਦੀਆਂ ਪੰਚਾਇਤਾਂ ਅਤੇ ਸਿਰਕੱਢ ਵਿਅਕਤੀਆਂ ਨੇ ਸਨਮਾਨਿਤ ਕੀਤਾ।



**ਸ਼੍ਰੀ ਤਾਰਾ ਚੰਦ ਸਲਾਰੀਆ**-ਆਪ ਪਠਾਨਕੋਟ ਵਿਖੇ ਸ੍ਰੀ ਕਿਸ਼ਨ ਚੰਦ ਜੀ ਦੇ ਘਰ ਪੈਦਾ ਹੋਏ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਆਉਣ ਉਪਰੰਤ ਆਪ ਤਰੱਕੀ ਕਰ ਕੇ ਗਜ਼ਟਿਡ ਅਧਿਕਾਰੀ ਬਣ ਕੇ ਪਠਾਨਕੋਟ ਦੇ ਜ਼ਿਲ੍ਹਾ ਸਿੱਖਿਆ ਅਫਸਰ ਰਹੇ ਅਤੇ ਸ.ਸੀ.ਸੈ. ਸਕੂਲ ਪਠਾਨਕੋਟ ਤੋਂ ਬਤੌਰ ਪਿੰਸੀਪਲ ਸੇਵਾਮੁਕਤ ਹੋਏ ਹਨ।



**ਸ਼੍ਰੀਮਤੀ ਗੁਰਜੀਤ ਕੌਰ**-ਆਪ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾਜਾ ਚੱਕ ਦੇ ਜੰਮਪਲ ਹਨ। ਆਪ ਨੇ ਪੰਜਾਬੀ ਵਿਸ਼ੇ ਵਿੱਚ ਐਮ.ਏ., ਐਮ.ਫਿਲ ਅਤੇ ਪੀ.ਐਚ.ਡੀ ਕਰ ਕੇ ਸਿੱਖਿਆ ਵਿਭਾਗ ਵਿੱਚ ਨੌਕਰੀ ਸ਼ੁਰੂ ਕੀਤੀ। ਪਹਿਲਾਂ ਲੈਕਚਰਾਰ ਰਹੇ ਅਤੇ ਸੰਨ 2016 ਵਿੱਚ ਤਰੱਕੀ ਕਰ ਕੇ ਸ.ਸੀ.ਸੈ. ਸਕੂਲ ਹਿੰਮਤਪੁਰ ਧਨੋਆ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਦੇ ਅਹੁਦੇ 'ਤੇ ਤਾਇਨਾਤ ਹੋਏ। ਇੱਥੇ ਪੂਰੀ ਤਨਦੇਹੀ ਨਾਲ ਕੰਮ ਕਰਦਿਆਂ ਆਪ ਨੇ ਸਕੂਲ ਦੀ ਨੁਹਾਰ ਬਦਲ ਦਿੱਤੀ ਜਿਸ ਸਦਕਾ ਆਪ ਦਾ ਇਲਾਕੇ ਵਿੱਚ ਬਹੁਤ ਮਾਣ ਸਤਿਕਾਰ ਹੈ। ਆਪ ਇਸ ਸਾਲ 31 ਮਾਰਚ ਨੂੰ ਸੇਵਾਮੁਕਤ ਹੋ ਗਏ ਹਨ।



**ਸ. ਹਰਪ੍ਰੀਤਇੰਦਰ ਸਿੰਘ ਖਾਲਸਾ**- ਜ਼ਿਲ੍ਹਾ ਰੂਪਨਗਰ ਦੇ ਪਿੰਡ ਜਟਾਣਾ ਵਿਖੇ ਸੂਬੇ. ਦੀਦਾਰ ਸਿੰਘ ਦੇ ਘਰ ਜਨਮੇ ਇਸ ਅਧਿਕਾਰੀ ਨੇ ਐਮ.ਏ (ਪੰਜਾਬੀ) ਅਤੇ ਬੀ.ਐਡ ਕਰਕੇ 1984 ਵਿੱਚ ਸਿੱਖਿਆ ਵਿਭਾਗ ਵਿੱਚ ਨੌਕਰੀ ਸ਼ੁਰੂ ਕੀਤੀ। ਆਪ 1989 ਵਿੱਚ ਲੈਕਚਰਾਰ ਅਤੇ ਤਰੱਕੀ ਕਰ ਕੇ 2010 ਵਿੱਚ ਗਜ਼ਟਿਡ ਅਧਿਕਾਰੀ ਬਣੇ। ਆਪ ਪ੍ਰਿਸੀਪਲ, ਉਪ ਜ਼ਿਲ੍ਹਾ ਅਫਸਰ, ਜ਼ਿਲ੍ਹਾ ਸਿੱਖਿਆ ਅਫਸਰ ਅਤੇ ਡਿਪਟੀ ਡਾਇਰੈਕਰ ਦੇ ਅਹੁਦਿਆਂ 'ਤੇ ਕੰਮ ਕਰਨ ਉਪਰੰਤ ਸੇਵਾਮੁਕਤ ਹੋਏ ਹਨ। ਆਪ 8 ਸਾਲ ਲੈਕਚਰਾਰ ਯੂਨੀਅਨ ਦੇ ਅਤੇ 4 ਸਾਲ ਗਜ਼ਟਿਡ ਸਕੂਲ ਅਧਿਕਾਰੀਆਂ ਦੇ ਪ੍ਰਧਾਨ ਰਹੇ ਹਨ। ਹੁਣ ਪਿੰਡ ਦੇ ਪੰਚ ਬਣ ਕੇ ਸਮਾਜਸੇਵਾ ਕਰ ਰਹੇ ਹਨ।

ਉਪਰੋਕਤ ਤੋਂ ਇਲਾਵਾ ਸ. ਬਲਦੇਵ ਸਿੰਘ, ਸ. ਸੁਰਿੰਦਰਪਾਲ ਸਿੰਘ(ਦੋਵੇਂ ਰੋਪੜ) ਅਤੇ ਸ. ਬਲਬੀਰ ਸਿੰਘ ਸੈਣੀ(ਫਗਵਾੜਾ) ਵੀ ਸਿਖਿਆ ਵਿਭਾਗ ਵਿੱਚ ਉੱਚਅਧਿਕਾਰੀ ਰਹੇ ਹਨ ਪ੍ਰੰਤੂ ਉਹ ਇਸ ਸਮੇਂ ਦੁਨੀਆਂ ਵਿੱਚ ਨਹੀਂ ਹਨ।

* * * * *

## ਕਰੋਨਾ ਵਾਇਰਸ ਤੋਂ ਬਚਾਅ

-ਕਰੋਨਾ ਵਾਇਰਸ ਦੀ ਲੰਬਾਈ ਹੋਰ ਵਾਇਰਸਾਂ ਤੋਂ ਵੱਧ ਹੈ। ਇਸ ਲਈ ਐਨ-95 ਮਾਸਕ ਦੀ ਬਿਜਾਏ ਰੁਮਾਲ ਨਾਲ ਵੀ ਮੂੰਹ ਢੱਕਿਆ ਜਾ ਸਕਦਾ ਹੈ। ਕਰੋਨਾ ਵਾਇਰਸ ਹਵਾ ਰਾਹੀਂ ਨਹੀਂ ਫੈਲਦਾ। ਇਸ ਲਈ ਮਾਸਕ ਦੀ ਲੋੜ ਸ਼ੱਕੀ ਵਿਅਕਤੀ ਨੂੰ ਹੈ, ਸਿਹਤਮੰਦ ਨੂੰ ਨਹੀਂ।

-ਕਰੋਨਾ ਵਾਇਰਸ ਖਾਂਸੀ ਜਾਂ ਛਿੱਕ ਦੀਆਂ ਬੂੰਦਾਂ ਰਾਹੀਂ ਬਾਹਰ ਆਉਂਦਾ ਹੈ। ਇਸ ਲਈ ਛਿੱਕ ਜਾਂ ਖੰਘ ਸਮੇਂ ਆਪਣੇ ਹੱਥ ਨੱਕ ਜਾਂ ਮੂੰਹ ਅੱਗੇ ਨਾ ਰੱਖੋ। ਜੇ ਰੁਮਾਲ ਨਹੀਂ ਹੈ ਤਾਂ ਬਾਂਹ ਦੀ ਕੂਹਣੀ ਅੱਗੇ ਕਰ ਲਓ।

- ਤੁਰੰਤ ਆਪਣੇ ਹੱਥਾਂ ਨੂੰ ਸਾਬਣ ਨਾਲ ਧੋਵੋ।
- ਕਿਸੇ ਨਾਲ ਹੱਥ ਨਾ ਮਿਲਾਓ।
- ਕਿਸੇ ਭੀੜ-ਭੜੱਕੇ ਵਾਲੀ ਥਾਂ ਤੇ ਜਾਣ ਤੋਂ ਪ੍ਰਹੇਜ਼ ਕਰੋ, ਖਾਸ ਤੌਰ 'ਤੇ ਜੇ ਤੁਸੀਂ ਦਿਲ ਦੀ ਬਿਮਾਰੀ, ਸ਼ੂਗਰ ਰੋਗ, ਦਮਾ ਜਾਂ ਸਾਹ ਦੀ ਬਿਮਾਰੀ ਦੇ ਮਰੀਜ਼ ਜਾਂ 70 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗ ਹੋ।
- ਜੇ ਤੁਹਾਨੂੰ ਸੁੱਕੀ ਖਾਂਸੀ ਹੈ ਜਾਂ ਗਲਾ ਖੁਸ਼ਕ ਹੈ ਤਾਂ ਕੋਸੇ ਪਾਣੀ ਜਾਂ ਬੀਟਾਡੀਨ ਦੇ ਗਰਾਰੇ ਕਰੋ। ਜੇ ਫਿਰ ਵੀ ਰਾਹਤ ਦੀ ਬਿਜਾਏ ਤੇਜ਼ ਬੁਖਾਰ ਹੁੰਦਾ ਹੈ ਅਤੇ ਸਾਹ ਲੈਣ ਵਿੱਚ ਤਕਲੀਫ ਹੁੰਦੀ ਹੈ ਤਾਂ ਤੁਰੰਤ ਡਾਕਟਰ ਪਾਸ ਜਾਓ।
- ਪੌਸ਼ਟਿਕ ਖਾਣਾ ਖਾਓ। - ਡਰੋ ਨਹੀਂ, ਸੁਚੇਤ ਰਹੋ।

ਵਲੋਂ- ਡਾ. ਸ਼ਿਆਮ ਸੁੰਦਰ ਦੀਪਤੀ,
ਪ੍ਰੋਫੈਸਰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ

ਰਾਜਿੰਦਰ ਸਿੰਘ
ਸੈਣੀ ਭਵਨ, ਰੂਪਨਗਰ



# ਅਮਰੀਕੀ ਆਦਿਵਾਸੀ ਲੋਕ ਕਥਾ - ਅਸਲ ਮਾਂ

ਇਕ ਕਾਉਣੀ ਨੇ ਇਕ ਦਰਖਤ ਦੀ ਉੱਚੀ ਟਾਹਣੀ ਉੱਤੇ ਆਪਣਾ ਆਲ੍ਹਣਾ ਬਣਾਇਆ ।ਕੁਝ ਦਿਨਾਂ ਬਾਅਦ ਉਸ ਨੇ ਦੋ ਆਂਡੇ ਦਿੱਤੇ । ਉਹ ਦੋ ਦਿਨ ਉਨ੍ਹਾਂ ਆਂਡਿਆਂ ਉਤੇ ਬੈਠੀ ਰਹੀ ।ਉਸ ਤੋਂ ਬਾਅਦ ਉਹ ਅੱਕ ਜਿਹੀ ਗਈ। ਉਂਜ ਉਸ ਨੂੰ ਭੁਖ ਵੀ ਬਹੁਤ ਲੱਗੀ ਹੋਈ ਸੀ । ਅਗਲੇ ਦਿਨ ਸਵੇਰੇ ਹੀ ਉਹ ਆਪਣੇ ਆਲ੍ਹਣੇ ਵਿਚੋਂ ਉੱਡੀ ਤਾਂ ਸ਼ਾਮ ਹੋਣ ਤੱਕ ਨਾ ਮੁੜੀ । ਦੋਵੇ ਆਂਡੇ ਆਲ੍ਹਣੇ ਵਿਚ ਪਏ ਰਹੇ । ਕਈ ਦਿਨ ਬੀਤ ਗਏ ।

ਇਕ ਮਾਦਾ ਉਕਾਬ ਰੋਜ ਸਵੇਰੇ ਜਦੋਂ ਆਪਣੇ ਆਲ੍ਹਣੇ ਵਿਚੋਂ ਉਡਦੀ ਤਾ ਕਾਉਣੀ ਦੇ ਆਲਣੇ ਵਿਚ ਇਕੱਲੇ ਪਏ ਆਂਡਿਆਂ ਨੂੰ ਹੀ ਦੇਖਦੀ ਸੀ । ਆਲੇ -ਦੁਆਲੇ ਕਿਧਰੇ ਉਨ੍ਹਾਂ ਦੀ ਮਾਂ ਨਜ਼ਰ ਨਾ ਆਉਂਦੀ । ਉਕਾਬ ਨੂੰ ਆਂਡਿਆ ਨੂੰ ਇਸ ਦੇਖ ਕੇ ਬੜਾ ਅਫਸੋਸ ਹੁੰਦਾ ਸੀ । ਜਦੋਂ ਉਸ ਤੋਂ ਹੋਰ ਨਾ ਦੇਖਿਆ ਗਿਆ ਤਾਂ ਉਸ ਨੇ ਆਪ ਹੀ ਉਨ੍ਹਾਂ ਆਡਿਆਂ ਨੂੰ 'ਸੇਣ', ਦਾ ਫੈਸਲਾ ਕਰ ਲਿਆ । ਉਸ ਨੇ ਸੋਚਿਆ, "ਹੁਣ ਮੈਂ ਹੀ ਇਨ੍ਹਾਂ ਆਂਡਿਆਂ ਉਤੇ ਬੈਠ ਕੇ ਇਨ੍ਹਾਂ ਨੂੰ ਸੇਵਾਗੀ, ਇਹ ਮੇਰੇ ਹੀ ਬੱਚੇ ਹਨ ।"

ਮਾਦਾ ਉਕਾਬ ਰੋਜ ਉਨ੍ਹਾ ਨੂੰ ਸੇਣ ਲੱਗੀ । ਕੁਝ ਦਿਨਾਂ ਮਗਰੋਂ ਉਨ੍ਹਾਂ ਵਿਚੋਂ ਚੂਜੇ ਨਿਕਲ ਆਏ । ਉਕਾਬ ਰੋਜ਼ ਸਵੇਰੇ ਚੂਜਿਆਂ ਲਈ ਕੀੜਿਆਂ ਦੀ ਭਾਲ ਵਿਚ ਜਾਂਦੀ ।ਦਿਨ ਵਿਚ ਕਈ ਵਾਰ ਚੁੰਝ ਵਿਚ ਕੀੜੇ ਲਿਆ ,ਉਨ੍ਹਾਂ ਨੂੰ ਖੁਆਉਂਦੀ । ਹੌਲੀ -ਹੌਲੀ ਚੂਜੇ ਵੱਡੇ ਹੋਣ ਲੱਗ ਪਏ । ਉਨਾਂ ਦੇ ਖੰਭ ਨਿਕਲ ਆਏ ਤੇ ਉਹ ਮਜ਼ਬੂਤ ਵੀ ਹੋਣ ਲੱਗ ਪਏ । ਉਕਾਬ ਨੇ ਸੋਚਿਆ ਕਿ ਹੁਣ ਇ੍ਹਨਾਂ ਨੂੰ ਉਡੱਣਾ ਸਿਖਾਉਣਾ ਚਾਹੀਦਾ ਹੈ ਤਾਂਕਿ ਇਹ ਆਪਣਾ ਭੋਜਨ ਆਪ ਲੱਭ ਸਕਣ ਤੇ ਆਪਣੀ ਸੰਭਾਲ ਕਰ ਸਕਣ ।

ਹੁਣ ਉਹ ਰੋਜ਼ ਉਨ੍ਹਾਂ ਨੂੰ ਉਂਡਣਾ ਸਿਖਾਉਣ ਲੱਗੀ ।ਇਕ ਦਿਨ ਜਦੋਂ ਉਹ ਇਸੇ ਕੰਮ ਵਿਚ ਹੀ ਲੱਗੀ ਹੋਈ ਸੀ ਕਿ ਅਚਾਨਕ ਕਾਉਂਣੀ ਵਾਪਸ ਆ ਗਈ ।ਉਸ ਨੇ ਉਕਾਬ ਨੂੰ ਆਪਣੇ ਬੱਚਿਆਂ ਨਾਲ ਵੇਖ ਕੇ ਪੁੱਛਿਆ, "ਤੂੰ ਇੱਥੇ ਮੇਰੇ ਬੱਚਿਆਂ ਨਾਲ ਕੀ ਕਰ ਰਹੀ ਏਂ ?"

ਉਕਾਬ ਨੇ ਜਵਾਬ ਦਿੱਤਾ , " ਕੀ ਗੱਲ ਹੈ ? ਕੀ ਮੈਂ ਕੁਝ ਗ਼ਲਤ ਸਿਖਾ ਰਹੀ ਹਾਂ?"

ਕਾਉਂਣੀ ਨੇ ਝੱਟ ਹੀ ਕਿਹਾ ' "ਇਹ ਮੇਰੇ ਬੱਚੇ ਹਨ । ਇਨ੍ਹਾਂ ਨੂੰ ਮੇਰੇ ਕੋਲ ਆਉਣ ਦੇ।"

ਮਾਦਾ ਉਕਾਬ ਨੇ ਜਵਾਬ ਦਿੱਤਾ,"ਇਹ ਕਦੇ ਨਹੀ ਹੋ ਸਕਦਾ। ਮੈ ਮੰਨਦੀ ਹਾਂ ਕਿ ਆਂਡੇ ਤੂੰ ਦਿੱਤੇ, ਪਰੰਤੂ ਇਨ੍ਹਾਂ ਨੂੰ ਸੇਵਿਆਂ ਮੈ, ਚੂਜਿਆਂ ਨੂੰ ਭੋਜਨ ਮੈ ਲਿਆ ਕੇ ਖੁਆਇਆ, ਇਨ੍ਹਾਂ ਦੀ ਦੇਖਭਾਲ ਮੈ ਕੀਤੀ । ਹੁਣ ਜਦੋ ਇਹ ਵੱਡੇ ਹੋ ਗਏ ਹਨ ਤੂੰ ਮੌਕਾ ਵੇਖ ਕੇ ਵਾਪਸ ਪਰਤ ਆਈ ਤੇ ਇਨ੍ਹਾਂ ਉਤੇ ਆਪਣਾ ਹੱਕ ਜਮਾਉਣਾ ਚਾਹੁੰਦੀ ਏ।ਇਹ ਸਿਰਫ ਤੇ ਸਿਰਫ ਮੇਰੇ ਬਚੇ ਹਨ। ਮੈ ਇਨ੍ਹਾਂ ਨੂੰ ਜਾਣ ਨਹੀ ਦੇਵਾਂਗੀ।"

ਕਾਉਣੀ ਵੀ ਹਾਰ ਮੰਨਣ ਵਾਲੀ ਨਹੀ ਸੀ।ਉਸ ਨੇ ਬੱਚਿਆਂ ਵਲ ਵੇਖ ਕੇ ਕਿਹਾ, "ਮੇਰੇ ਬੱਚਿਉ ਮੇਰੇ ਕੋਲ ਆਓ, ਮੈ ਤੁਹਾਡੀ ਮਾਂ ਹਾਂ।"

ਬੱਚਿਆਂ ਨੇ ਇਕਠਿਆਂ ਹੀ ਕਿਹਾ,"ਅਸੀ ਤੈਨੂੰ ਨਹੀ ਜਾਣਦੇ।" ਫਿਰ ਉਕਾਬ ਵਲ ਇਸ਼ਾਰਾ ਕਰਕੇ ਕਹਿਣ ਲਗੇ,"ਇਹ ਸਾਡੀ ਮਾਂ ਹੈ।"

ਕਾਉਣੀ ਬਹੁਤ ਨਰਾਜ ਹੋ ਗਈ ਤੇ ਬੋਲੀ, "ਠੀਕ ਹੈ,ਮੈ ਪੰਛੀਆਂ ਦੇ ਰਾਜੇ ਇੱਲ ਅੱਗੇ ਫਰਿਆਦ ਕਰਾਂਗੀ। ਰਾਜਾ ਇੱਲ ਹੀ ਹੁਣ ਇਸ ਮਾਮਲੇ ਨੂੰ ਸੁਲਝਾਏਗਾ। ਮੈ ਜਾਣਦੀ ਹਾਂ, ਫੈਸਲਾ ਮੇਰੇ ਹੀ ਪੱਖ ਵਿਚ ਹੋਵੇਗਾ।"

ਕਾਉਣੀ, ਉਕਾਬ ਤੇ ਛੋਟੇ ਦੋਵੇ ਚੂਜੇ ਰਾਜਾ ਇਲ ਦੇ ਦਰਬਾਰ ਜਾ ਪਹੁੰਚੇ।ਪਹਿਲ਼ਾ ਕਾਉਣੀ ਅਗੇ ਵਧੀ, ਫਿਰ ਬੋਲ਼ੀ, "ਰਾਜਾ ਜੀ, ਮੈ ਹੁਣ ਜਦੋਂ ਆਪਣੇ ਆਲ੍ਹਣੈ ਵਿਚ ਵਾਪਸ ਪਰਤੀ ਤਾਂ ਦੇਖਿਆ ਕਿ ਮੇਰੇ ਆਂਡਿਆਂ ਵਿਚੋਂ ਚੂਜੇ ਨਿਕਲ਼ ਆਏ ਹਨ ਤੇ ਇਹ ਉਕਾਬ ਮੇਰੇ ਬਚਿਆਂ ਦੀ ਦੇਖਭਾਲ਼ ਕਰ ਰਹੀ ਹੈ ।ਇਸ ਲਈ ਮੈਂ ਤੁਹਾਡੇ ਦਰਬਾਰ ਵਿਚ ਆਈ ਹਾਂ । ਸਰਕਾਰ, ਤੁਸੀਂ ਹੀ ਇਸ ਮਾਮਲੇ ਦਾ ਫ਼ੈਸਲਾ ਕਰੋ ਤੇ ਬੱਚੇ ਮੈਨੂੰ ਵਾਪਸ ਲੈ ਦਿਓ।"

ਕਾਉਂਣੀ ਦੀ ਕਹਾਣੀ ਸੁਣ ਕੇ ਇੱਲ ਨੇ ਪੁੱਛਿਆ, "ਤੂੰ ਆਲ੍ਹਣਾ ਛੱਡ ਕੇ ਗਈ ਕਿਉਂ ਸੀ?"

ਕਾਉਂਣੀ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ ।ਉਹ ਸਿਰ ਨੀਵਾਂ ਕਰਕੇ ਚੁੱਪਚਾਪ ਖੜ੍ਹੀ ਰਹੀ ।

ਕਾਉਂਣੀ ਨੂੰ ਚੁੱਪ ਵੇਖ ਕੇ ਰਾਜਾ ਇੱਲ ਨੇ ਉਕਾਬ ਵੱਲ ਮੁੜ ਕੇ ਕਿਹਾ ,"ਚੰਗਾ ਉਕਾਬ ਹੁਣ ਤੇਰੀ ਕਹਾਣੀ ਸੁਣੀਏ ।ਤੈਨੂੰ ਇਹ ਚੂਜੇ ਕਿੱਥੋਂ ਮਿਲੇ ?"

ਉਕਾਬ ਨੇ ਕਿਹਾ ,ਰਾਜਾ ਜੀ ,ਸਵੇਰੇ ਜਦੋਂ ਆਪਣੇ ਆਲ੍ਹਣੇ ਤੋਂ ਉਸ ਦਰਖ਼ਤ ਦੇ ਉਪਰੋਂ ਜਾਂ ਨੇੜਿਓਂ ਉਡੱਦੀ ,ਤਾਂ ਆਲ੍ਹਣੇ ਵਿਚ ਪਏ ਸਿਰਫ਼ ਇਨ੍ਹਾਂ ਦੋ ਆਂਡਿਆਂ ਨੂੰ ਹੀ ਦੇਖਦੀ ਸੀ ।ਕਦੇ ਆਲ੍ਹਣੇ ਵਿਚ ਜਾਂ ਨੇੜੇ-ਤੇੜੇ ਕਿਸੇ ਹੋਰ ਨੂੰ ਨਹੀਂ ਵੇਖਿਆ ।ਇਸ ਤਰ੍ਹਾਂ ਜਦੋਂ ਕਈ ਦਿਨਾਂ ਤਕ ਆਂਡਿਆਂ ਨੂੰ ਇਕੱਲੇ ਪਏ ਵੇਖਿਆ, ਉਦੋਂ ਮੈਂ ਉਨ੍ਹਾਂ ਆਂਡਿਆ ਉਤੇ ਬੈਠ ਕੇ 'ਸੇਣ' ਦੀ ਸੋਚੀ ਤੇ ਚੂਜਿਆਂ ਦੀ ਦੇਖਭਾਲ ਕਰਨ ਦਾ ਫੈਸਲਾ ਕਰ ਲਿਆ ।ਉਸ ਦਿਨ ਤੋਂ ਮੈਂ ਉਨ੍ਹਾਂ ਆਂਢਿਆ ਨੂੰ ਬੈਠ ਕੇ ਸੇਣ ਲੱਗ ਪਈ ।ਜਦੋਂ ਆਂਡਿਆਂ ਚੋਂ ਚੂਜੇ ਨਿਕਲੇ ਤਾਂ ਮੈਂ ਉਨ੍ਹਾਂ ਨੂੰ ਭੋਜਨ ਖੁਆਂ ਕੇ ਵੱਡਾ ਕੀਤਾ ।ਹੁਣ ਉਨ੍ਹਾਂ ਨੂੰ ਉਡੱਣਾ ਤੇ ਭੋਜਨ ਦੀ ਭਾਲ ਕਰਨਾ ਸਿਖਾ ਰਹੀ ਹਾਂ ।ਇਹ ਮੇਰੇ ਬੱਚੇ ਹਨ...।"

ਕਾਉਂਣੀ ਤੋਂ ਚੁਪ ਨਾ ਰਿਹਾ ਗਿਆ ।ਉਹ ਤੁਣਕਦੇ ਹੋਏ ਬੋਲੀ ,"ਪਰੰਤੂ ਇਹ ਬੱਚੇ ਮੇਰੇ ਹਨ । ਇਹ ਮੇਰੇ

ਆਂਡਿਆਂ ਚੋਂ ਨਿਕਲੇ ਹਨ।"

ਇੱਲ ਨੇ ਕੜਕ ਕੇ ਕਿਹਾ '"ਖ਼ਾਮੋਸ਼ ! ਤੈਨੂੰ ਬੋਲਣ ਦਾ ਮੌਕਾ ਮਿਲੇਗਾ।"

ਇੱਲ ਨੇ ਉਕਾਬ ਵੱਲ ਵੇਖ ਕਿਹਾ ,"ਹਾਂ ! ਤੂੰ ਕੋਝ ਹੋਰ ਕਹਿਣਾ ਹੈ?"

ਉਕਾਬ ਨੇ ਕਹਿਣਾ ਜਾਰੀ ਰੱਖਿਆਂ 'ਮੈਂ ਇਨ੍ਹਾਂ ਦੋਵਾਂ ਨੂੰ ਆਪਣੇ ਬੱਚਿਆਂ ਵਾਂਗ ਪਾਲਿਆਂ ਹੈ।ਮੈਂ ਇਨ੍ਹਾਂ ਨੂੰ ਪਿਆਰ ਕਰਦੀ ਹਾਂ ਐਨੇ ਦਿਨ ਕਾਂਉਣੀ ਨੂੰ ਇਨ੍ਹਾਂ ਦਾ ਖ਼ਿਆਲ ਵੀ ਨਹੀ ਆਂਇਆ ।ਅੱਜ ਜਦੋਂ ਐਨੇ ਵੱਡੇ ਹੋ ਗਏ ਇਹ ਕਾਉਂਣੀ ਇਨ੍ਹਾਂ ਨੂੰ ਮੇਰੇ ਤੋਂ ਵਾਪਸ ਲੈਣਾ ਚਾਹੁੰਦੀ ਹੈ ।ਇਹ ਬੱਚੇ ਮੇਰੇ ਹਨ'

ਮੈਂ ਇਨ੍ਹਾਂ ਨੂੰ ਕਾਉਂਣੀ ਨੂੰ ਨਹੀ ਂ ਦੇਵਾਂਗੀ ।ਦੁਹਾਈ ਏ ਰਾਜਾ ਜੀ ,ਹੁਣ ਫੈਸਲਾ ਤੁਹਾਡੇ ਹੱਥ ਵਿਚ ਹੈ।"

ਇੱਲ ਨੇ ਸਿਰਫ਼ "ਹੂੰ" ਕਿਹਾ ਤੇ ਕੁਝ ਦੇਰ ਚੁੱਪ ਧਾਰ ਲਈ । ਫਿਰ ਕਿਹਾ," ਅਜੀਬੋ-ਗਰੀਬ ਮਾਮਲਾ ਹੈ। ਮਾਂ -ਉਕਾਬ ਬੱਚਿਆ ਨੂੰ ਦੇਣ ਲਈ ਤਿਆਰ ਨਹੀਂ ਹੈ। ਆਖ਼ਿਰ ਉਸ ਨੇ ਇਨ੍ਹਾਂ ਬੱਚਿਆਂ ਦੀ ਦੇਖਭਾਲ ਕੀਤੀ ਹੈ। ਜੇ ਕਾਂਉਂਣੀ ਸੱਚਮੁੱਚ ਬੱਚਿਆਂ ਨੂੰ ਚਾਹੁੰਦੀ ਹੈ ਤਾਂ ਸਵਾਲ ਇਹ ਹੈ ਕਿ ਉਹ ਇਨ੍ਹਾਂ ਆਂਡਿਆਂ ਨੂੰ ਆਲ੍ਹਣੇ ਵਿਚ ਛੱਡ ਕੇ ਕਿਓਂ ਗਈ ਵੀ ਤਾਂ ਵਾਪਸ ਕਿਓਂ ਨਾ ਮੁੜੀ? ਸੱਚ ਪੁੱਛਿਆ ਜਾਏ ਤਾਂ ਉਕਾਬ ਹੀ ਇਨ੍ਹਾਂ ਬੱਚਿਆਂਦੀ ਮਾਂ ਹੈ 'ਕਿਉਂਕਿ ਉਸ ਨੇ ਹੀ ਉਨ੍ਹਾਂ ਨੂੰ ਮਮਤਾ ਦਿੱਤੀ ਤੇ ਉਨ੍ਹਾਂ ਨੂ ਵੱਡਾ ਕੀਤਾ ।"

ਕਾਉਂਣੀ ਇਹ ਸੁਣ ਕੇ ਹੈਰਾਨ ਰਹਿ ਗਈ ।ਉਹ ਤੁਰੰਤ ਫੁਦਕਦੇ ਹੋਏ ਇੱਲੇ ਕੋਲ ਪਹੁੰਚੀ ਤੇ ਬੋਲੀ '"ਮਹਾਰਾਜ'ਤੁਸੀਂ ਬੱਚਿਆ ਤੋਂ ਤਾਂ ਪੁੱਛੋ ਪਹਿਲਾ । ਉਹ ਆਪ ਹੀ ਤੈਅ ਕਰਨ ਲਾਇਕ ਹਨ ।ਓਹ ਜਾਣਦੇ ਹਨ ਕਿ ਉਹ 'ਕਾਂ' ਹਨ ਉਕਾਬ ਨਹੀਂ।"

ਇੱਲ ਨੇ ਇਸ ਗੱਲ ਨਾਲ ਸਹਿਮਤ ਹੂੰਦੇ ਹੋਏ ਬੱਚਿਆਂ ਤੋਂ ਪੱਛਿਆ ,"ਤੁਸੀ ਕਿਸ ਮਾਂ ਨਾਲ ਜਾਣਾ ਚਾਹੁੰਦੇ ਹੋ?"

ਕਾਉਂਣੀ ਨੇ ਕਿਹਾ ,"ਨਹੀਂ ਮੇਰੇ ਬੱਚਿਓ ,ਮੈ ਂ ਤੁਹਾਡੀ ਮਾਂ ਹਾਂ ।"

ਬੱਚਿਆਂ ਨੇ ਫਿਰ ਕਿਹਾ '"ਤੁਸੀ ਸਾਨੂੰ ਆਲ੍ਹਣੇ ਵਿਚ ਆਂਡਿਆਂ ਦੇ ਰੂਪ ਵਿਚ ਇਕੱਲਾ ਛੱਡ ਕੇ ਕਿਉਂ ਚਲੇ ਗਏ ਸੀ ।ਮਾਂ ਉਕਾਬ ਨੇ ਸਾਡੀ ਦੇਖਭਾਲ ਕੀਤੀ । ਉਹੀ ਸਾਡੀ ਮਾਂ ਹੈ।"

ਇੱਲ ਨੇ ਕਾਉਂਣੀ ਵੱਲ ਮੁੜ ਕੇ ਕਿਹਾ'"ਤੁਸੀਂ ਸੁਣੀਆ ! ਬੱਚਿਆਂ ਨੇ ਉਕਾਬ ਨੂੰ ਹੀ ਆਪਣੀ ਮਾਂ ਮੰਨਿਆ ਹੈ ਤੇ ਉਹ ਉਸ ਨਾਲ ਹੀ ਰਹਿਣਾ ਚਾਹੁਦੇ ਹਨ । ਬੱਚਿਆਂ ਨੇ ਆਪ ਹੀ ਮਾਮਲਾ ਤੈਅ ਕਰ ਦਿੱਤਾ ਹੈ ।"

ਕਾਉਂਣੀ ਧਾਹਾਂ ਮਾਰ-ਮਾਰ ਕੇ ਰੋਈ ।ਇੱਲ ਨੇ ਕਿਹਾ ,"ਹੁਣ ਇਹ ਰੋਣਾ -ਧੋਣਾ ਛੱਡ ।ਤੂੰ ਆਪਣੀ ਕਰਨੀ ਦੀ ਵਜ੍ਹਾਂ ਨਾਲ ਆਪਣੇ ਬੱਚੇ ਗੁਆ ਲਏ 'ਇਸ ਲਈ ਮੇਰਾ ਫ਼ੈਸਲਾ ਹੈ ਕਿ ਹੁਣ ਇਹ ਦੋਵੇਂ ਬੱਚੇ ਮਾਂ ਉਕਾਬ ਨਾਲ ਆਪਣੇ ਘਰ ਜਾਣ।"

ਇਸ ਤਰ੍ਹਾਂ ਕਾਉਂਣੀ ਨੇ ਆਪਣੇ ਬੱਚੇ ਗੁਆ ਲਏ ਤੇ ਮਾਂ ਉਕਾਬ ਨੂੰ ਦੋ ਬੱਚੇ ਮਿਲ ਗਏ।

## ਸਫਲਤਾ ਲਈ ਉਮਰ ਕੋਈ ਰੁਕਾਵਟ ਨਹੀਂ

ਭਾਈ ਵੀਰ ਸਿੰਘ ਦਾ ਕਥਨ,-

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?ਓ ਦਿਨੇ ਰਾਤ ਪਏ ਵਹਿੰਦੇ"।

ਹਿੰਮਤੀ ਕਰਮਯੋਗੀਆਂ 'ਤੇ ਪੂਰਾ ਉੱਤਰਦਾ ਹੈ ਜਿਨ੍ਹਾਂ ਸਾਹਮਣੇ ਉਮਰ ਕੋਈ ਮਾਇਨਾ ਨਹੀਂ ਰਖਦੀ। ਇੱਥੇ ਮਹਿਲਾ ਸ਼ਕਤੀ ਦੀਆਂ ਪ੍ਰਤੀਕ ਸਭ ਤੋਂ ਵੱਧ ਉਮਰ ਅਤੇ ਸਭ ਤੋਂ ਘੱਟ ਉਮਰ ਦੀਆਂ ਦੋ ਔਰਤਾਂ ਦਾ ਜ਼ਿਕਰ ਹੈ।

**ਮਾਸਟਰ ਐਥਲੀਟ ਮਾਨ ਕੌਰ-** ਚੰਡੀਗੜ੍ਹ ਦੀ ਵਸਨੀਕ, 104-ਸਾਲਾ ਬੇਬੇ ਮਾਨ ਕੌਰ 100 ਸਾਲ ਤੋਂ ਵੱਧ ਉਮਰ ਦੀਆਂ ਮਹਿਲਾ ਐਥਲੀਟਾਂ ਵਿੱਚ ਵਿਸ਼ਵ ਰਿਕਾਰਡਹੋਲਡਰ ਹੈ। ਉਸ ਨੇ 93 ਸਾਲ ਦੀ ਉਮਰ ਵਿੱਚ ਐਥਲੈਟਿਕਸ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਕੇ ਹੁਣ ਤੱਕ 20 ਤਮਗੇ ਹਾਸਲ ਕੀਤੇ ਹਨ। ਮਾਨ ਕੌਰ ਨੇ




ਅਪ੍ਰੈਲ, 2017 ਵਿੱਚ ਆਕਲੈਂਡ (ਨਿਯੂਜ਼ੀਲੈਂਡ) ਵਿੱਚ ਹੋਈ ਵਰਲਡ ਮਾਸਟਰਜ਼ ਐਥਲੈਟਿਕਸ ਚੈਂਪੀਅਨ ਵਿੱਚ ਭਿੰਨ ਭਿੰਨ ਦੌੜ ਮੁਕਾਬਲਿਆਂ ਵਿੱਚ ਸੋਨ ਤਮਗੇ ਹਾਸਲ ਕਰ ਕੇ ਨਾਮਣਾ ਖੱਟਿਆ ਹੈ। 1985 ਤੋਂ ਸ਼ੁਰੂ ਹੋਏ ਇਹ ਮੁਕਾਬਲੇ ਹਰ ਚਾਰ ਸਾਲ ਬਾਅਦ ਹੁੰਦੇ ਹਨ। ਬੇਬੇ ਮਾਨ ਕੌਰ ਨੇ ਜੈਵਲਿਨ ਥ੍ਰੋ ਅਤੇ ਸ਼ਾਟਪੁੱਟ ਵਿੱਚ ਵੀ ਤਮਗੇ ਲਏ ਹਨ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਬਕਾਇਦਾ ਪ੍ਰੈਕਟਿਸ ਕਰਦੀ ਹੈ। ਭਾਰਤ ਦੇ ਰਾਸ਼ਟਰਪਤੀ ਨੇ ਮਾਨ ਕੌਰ ਨੂੰ ਵਕਾਰੀ 'ਨਾਰੀ ਸ਼ਕਤੀ ਪੁਰਸਕਾਰ-2019' ਨਾਲ ਸਨਮਾਨਿਤ ਕੀਤਾ ਹੈ।

**ਕੁਮਾਰੀ ਸੁਸ਼ਮਾ-** ਲਖਨਊ ਦੀ ਵਸਨੀਕ ਸੁਸ਼ਮਾ ਨੇ 15 ਸਾਲ ਦੀ ਉਮਰ ਵਿੱਚ ਐਮ.ਐਸ.ਸੀ ਦੀ ਡਿਗਰੀ ਪਾਸ ਕਰ ਕੇ ਭਾਰਤ ਦੀ ਸਭ ਤੋਂ ਘੱਟ ਉਮਰ ਦੀ ਮਹਿਲਾ ਪੋਸਟਗ੍ਰੈਜੂਏਟ ਬਣਨ ਦਾ ਮਾਣ ਹਾਸਲ ਕੀਤਾ ਹੈ। ਇੰਨਾ ਹੀ ਨਹੀਂ ਉਸ ਨੇ ਇਸ ਪ੍ਰੀਖਿਆ ਵਿੱਚ ਸਭ ਤੋਂ ਵੱਧ



ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਟੌਪਰ ਹੋਣ ਦਾ ਮਾਣ ਖੱਟਿਆ ਹੈ। ਸੁਸ਼ਮਾ ਕਿਸੇ ਪ੍ਰੋਫੈਸਰ ਦੀ ਬੇਟੀ ਨਹੀਂ, ਉਸ ਦਾ ਅੱਠਵੀਂ-ਪਾਸ ਪਿਤਾ ਇਸ ਯੂਨੀਵਰਸਿਟੀ ਵਿੱਚ ਸਫਾਈ ਸੇਵਕ ਦੀ ਨੌਕਰੀ ਕਰਦਾ ਹੈ ਅਤੇ ਮਾਤਾ ਕੋਰੀ ਅਨਪੜ੍ਹ ਹੈ। ਉਹ ਇਸ ਵਿਸ਼ੇ ਦੀ ਪੀ.ਐਚ.ਡੀ ਕਰਨ ਦੀ ਤਿਆਰੀ ਵਿੱਚ ਹੈ। ਹੋ ਸਕਦਾ ਹੈ ਉਹ ਇਹ ਡਿਗਰੀ ਹਾਸਲ ਕਰਨ ਵਾਲੀ ਵਿਸ਼ਵ ਦੀ ਸਭ ਤੋਂ ਛੋਟੀ ਉਮਰ ਦੀ ਮਹਿਲਾ ਬਣ ਜਾਵੇ।

ਸਾਜ਼ਿਸ ਦਾ ਸ਼ਿਕਾਰ

# ਮਹਾਨ ਦਾਰਸ਼ਨਿਕ

**ਡਾ. ਜਸਵੰਤ ਕੌਰ**
ਸੈਣੀ ਭਵਨ, ਰੂਪਨਗਰ



ਇਹ ਦੁਖਾਂਤ ਈਸਾ ਤੋਂ ਚਾਰ ਸਦੀਆਂ ਪਹਿਲਾਂ ਇੱਕ ਅਜਿਹੇ ਦਾਰਸ਼ਨਿਕ ਨਾਲ ਵਾਪਰਿਆ ਜਿਸ ਨੂੰ ਹੁਣ ਤੱਕ ਦੇ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਵੱਧ ਉਪਜਾਊ ਦਿਮਾਗ ਵਾਲਾ ਮੰਨਿਆਂ ਜਾਂਦਾ ਹੈ। ਉਹ ਸੀ, 469 ਈ.ਪੂ. ਵਿੱਚ ਏਥਨਜ਼ (ਯੂਨਾਨ) ਦੇ ਇੱਕ ਬੁੱਤਘਾੜੇ ਸੋਫਰੋਨੀਸਸ ਅਤੇ ਦਾਈ ਦਾ ਕੰਮ ਕਰਨ ਵਾਲੀ ਫਿਨਾਰੀਟ ਦੇ ਘਰ ਜਨਮਿਆਂ ਮਹਾਨ ਦਾਰਸ਼ਨਿਕ ਸੁਕਰਾਤ। ਉਸ ਨੇ ਬਚਪਨ ਵਿੱਚ ਆਪਣੇ ਪਿਤਾ ਤੋਂ ਬੁੱਤਸਾਜ਼ੀ ਸਿੱਖੀ ਅਤੇ ਕੁੱਝ ਮੂਰਤੀਆਂ ਬਣਾਈਆਂ ਵੀ। ਪਰ ਜਲਦੀ ਹੀ ਉਸ ਨੂੰ ਮਹਿਸੂਸ ਹੋਇਆ ਕਿ ਇਸ ਕਲਾ ਨਾਲ ਉਹ ਗਿਆਨ ਦੇ ਵਿਕਾਸ ਨੂੰ ਅਗਾਂਹ ਨਹੀਂ ਤੋਰ ਸਕੇਗਾ। ਉਸ ਦੀ ਸੰਗਤ ਏਥਨਜ਼ ਦੇ ਇੱਕ ਹੋਣਹਾਰ ਦਾਰਸ਼ਨਿਕ ਏਕਰੀਨਸ, ਸ਼ਿਲਪਕਾਰ ਫਰਾਇਡਾਸ, ਰਾਜਨੀਤੀਵਾਨ ਪੈਰੀਕਲੀਸ, ਇਤਿਹਾਸਕਾਰ ਥਿਉਰੀ ਡਾਇਟਸ ਅਤੇ ਕਵੀ ਏਸ਼ੀਲਸ ਨਾਲ ਹੋ ਗਈ ਜਿਨ੍ਹਾਂ ਵਿਚਕਾਰ ਸੰਵਾਦ ਹੁੰਦਾ ਰਹਿੰਦਾ ਸੀ। ਸੁਕਰਾਤ ਨੇ ਦੇਖਿਆ ਕਿ ਏਕਰੀਨਸ ਇਕੱਲਾ ਹੀ ਬਹਿਸ ਵਿੱਚ ਸਭ ਨੂੰ ਮਾਤ ਪਾ ਦਿੰਦਾ ਸੀ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਇਸ ਲਈ ਉਸ ਨੇ ਦਰਸ਼ਨ ਦਾ ਅਧਿਐਨ ਕਰਨ ਦਾ ਮਨ ਬਣਾ ਲਿਆ।

ਸੁਕਰਾਤ ਮਨੁੱਖ ਦੇ ਵਿਚਾਰਾਂ ਅਤੇ ਕਾਰਜਾਂ ਦੀ ਏਕਤਾ 'ਤੇ ਬਹੁਤ ਬਲ ਦਿੰਦਾ ਸੀ। ਇਸ ਲਈ ਉਸ ਨੇ ਏਥਨਜ਼ ਦੀ ਫੌਜ ਵਿੱਚ ਭਰਤੀ ਹੋ ਕੇ ਸਪਾਰਟਾ ਨਾਲ 30 ਸਾਲ ਤੱਕ ਚੱਲਦੀ ਰਹੀ ਪੋਲੋਨੀਸ਼ੀਅਨ ਜੰਗ ਵਿੱਚ ਭਾਗ ਲਿਆ। ਇਸ ਲੜਾਈ ਦੌਰਾਨ ਹੀ ਸੁਕਰਾਤ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਦੋਸਤਾਂ- ਜ਼ੀਨੋਫੋਨ ਅਤੇ ਐਲਕੀਬੇਆਡੀਜ਼ ਨੂੰ ਬਚਾਇਆ। ਸੁਕਰਾਤ ਭਾਵੇਂ ਦਿੱਖ ਪੱਖੋਂ ਬੇਹੱਦ ਸਾਧਾਰਨ ਸੀ ਪਰ ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਕਿਸੇ ਵਿਅਕਤੀ ਨੂੰ ਗਿਆਨ ਕਾਰਨ ਇੰਨੀ ਪ੍ਰਸਿੱਧੀ ਮਿਲੀ। ਉਸ ਦੀ ਆਤਮਾ ਇੰਨੀ ਸੁੰਦਰ ਸੀ ਕਿ ਹਰ ਵਰਗ ਦੇ ਲੋਕ ਉਸ ਵੱਲ ਖਿੱਚੇ ਆਉਂਦੇ। ਆਪਣੇ ਜੀਵਨ ਕਾਲ ਦੌਰਾਨ ਉਹ ਨੌਜਵਾਨਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਗਿਆ। ਲਿਖਤੀ ਰਿਕਾਰਡ ਅਨੁਸਾਰ ਅੰਤ ਸਮੇਂ 800 ਨੌਜਵਾਨ ਉਸ ਦੇ ਸ਼ਾਗਿਰਦ ਸਨ। ਸੁਕਰਾਤ ਉਨ੍ਹਾਂ ਨੂੰ ਮੂਕ ਹੋ ਕੇ ਗੱਲਾਂ ਸੁਣਨ ਦੀ ਬਿਜਾਏ ਪ੍ਰਸ਼ਨ ਪੁੱਛਣ ਤੇ ਸੰਵਾਦ ਰਚਾਉਣ ਲਈ ਉਕਸਾਉਂਦਾ ਸੀ। ਉਹ ਕਹਿੰਦਾ, ' ਤੁਹਾਡੇ ਸਵਾਲਾਂ ਦੀ ਸਾਣ 'ਤੇ ਮੈਂ ਆਪਣੀ ਬੁੱਧੀ ਦਾ ਚਾਕੂ ਤੇਜ਼ ਕਰਦਾ ਹਾਂ ਤੇ ਤੁਹਾਡਾ ਮੈਨੂੰ ਰੱਦ ਕਰਨਾ ਮੇਰੀ ਸ਼ਕਲ ਨੂੰ ਸ਼ੀਸ਼ਾ ਦਿਖਾਉਣਾ ਹੈ'। ਉਸ ਦਾ ਪੱਕਾ ਯਕੀਨ ਸੀ ਕਿ ਮਨੁੱਖ ਦੀ ਸਭ ਤੋਂ ਵੱਡੀ ਸ਼ਕਤੀ ਦੂਜਿਆਂ ਨਾਲ ਕੀਤੀ ਗੱਲਬਾਤ ਹੈ। ਉਸ ਦਾ ਵਿਚਾਰ ਸੀ ਕਿ ਗਿਆਨ ਵਿੱਚ ਕੁੱਝ ਵੀ ਸਥਾਈ ਨਹੀਂ ਹੁੰਦਾ ਬਲਕਿ ਦਰਿਆ ਦੇ ਪਾਣੀ ਵਾਂਗ ਇਸ ਦਾ ਲਗਾਤਾਰ ਵਹਿੰਦੇ ਰਹਿਣਾ ਤੇ ਵਿਚਾਰਾਂ ਦਾ ਤਬਾਦਲਾ ਹੁੰਦੇ ਰਹਿਣਾ ਲਾਜ਼ਮੀ ਹੈ। ਉਹ ਆਪਣੇ ਘਰ-ਪਰਿਵਾਰ ਨੂੰ ਛੱਡ ਕੇ ਕਿਸੇ ਏਕਾਂਤ ਵਿੱਚ ਨਹੀਂ ਗਿਆ ਸਗੋਂ ਏਥਨਜ਼ ਦੀਆਂ ਗਲ਼ੀਆਂ ਵਿੱਚ ਘੁੰਮਦਾ ਲੋਕਾਂ ਨਾਲ ਹਰ ਵਿਸ਼ੇ 'ਤੇ ਸੰਵਾਦ ਰਚਾਉਂਦਾ। ਉਹ ਨੌਜਵਾਨਾਂ ਨੂੰ ਕਹਿੰਦਾ,' ਮੈਂ ਸਾਰੀ ਉਮਰ ਆਪੇ ਨੂੰ ਟੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਤੁਸੀਂ ਵੀ ਆਪਣੀ ਆਤਮਾ ਦੀ ਪੂਰਨਤਾ ਲਈ ਯਤਨ ਕਰੋ'।

ਉਸ ਨੇ ਕਦੇ ਆਪਣੇ ਗਿਆਨ ਦਾ ਅਹੰਕਾਰ ਨਹੀਂ ਕੀਤਾ



ਅਤੇ ਨਾ ਹੀ ਕੋਈ ਕੀਮਤ ਵਸੂਲ ਕੀਤੀ। ਇੱਕ ਵਾਰ ਸੁਕਰਾਤ ਦੇ ਲੰਗੋਟੀਏ ਮਿੱਤਰ ਸ਼ੇਰੀਫੋਨ ਨੇ ਡੇਲਫੀ ਦੀ ਪ੍ਰਸਿੱਧ ਨਜ਼ੂਮੀ ਔਰਤ ਪਾਇਥੀਆ ਤੋਂ ਪੁੱਛਿਆ ਕਿ ਕੀ ਸੁਕਰਾਤ ਨਾਲੋਂ ਵੱਧ ਕੋਈ ਸਿਆਣਾ ਏਥਨਜ਼ ਵਿੱਚ ਹੈ ਤਾਂ ਉਤਰ ਸੀ, 'ਹਰਗਿਜ਼ ਨਹੀਂ'। ਜਦੋਂ ਸ਼ੇਰੀਫੋਨ ਨੇ ਇਹ ਗੱਲ ਸੁਕਰਾਤ ਨੂੰ ਦੱਸੀ ਤਾਂ ਉਹ ਹੱਸ ਪਿਆ ਤੇ ਕਿਹਾ, "ਹਾਂ, ਮੈਂ ਸੱਚਮੁਚ ਉਨ੍ਹਾਂ ਨਾਲੋ ਸਿਆਣਾ ਹਾਂ ਕਿਉਂਕਿ ਮੈਂਨੂੰ ਪਤਾ ਹੈ ਕਿ ਬਹੁਤ ਕੁੱਝ ਬਾਰੇ ਮੈਂ ਕੁੱਝ ਵੀ ਨਹੀਂ ਜਾਣਦਾ। ਇਹੀ ਗੱਲ ਹੈ ਜੋ ਹੋਰ ਗਿਆਨੀਆਂ ਨੂੰ ਨਹੀਂ ਪਤਾ"। ਉਹ ਏਥਨਜ਼ ਦੀ ਸੰਸਦ ਵਿੱਚ ਕੁੱਝ ਸਮਾਂ ਮੈਂਬਰ ਵੀ ਰਿਹਾ ਅਤੇ ਬਹੁਸੰਮਤੀ ਦੇ ਫੈਸਲਿਆਂ ਵਿਰੁੱਧ ਆਪਣੀ ਆਜ਼ਾਦ ਰਾਇ ਦਿੰਦਾ ਰਿਹਾ ਜਿਸ ਨਾਲ ਵਿਰੋਧੀਆਂ ਦੀ ਦੁਸ਼ਮਣੀ ਤੇ ਆਪਣਿਆਂ ਦੀ ਨਾਰਾਜ਼ਗੀ ਵੀ ਸਹੇੜੀ।

ਸੁਕਰਾਤ ਨੇ ਖੁਦ ਅਪਣੇ ਜੀਵਨ ਤੇ ਦਰਸ਼ਨ ਬਾਰੇ ਕੁੱਝ ਨਹੀਂ ਲਿਖਿਆ। ਇਹ ਸਾਰੇ ਵੇਰਵੇ ਉਸ ਦੇ ਸ਼ਾਗਿਰਦਾਂ ਤੇ ਦੋਸਤਾਂ- ਜ਼ੀਨੋਫਰ, ਪਲੈਟੋ ਤੇ ਅਰਸਤੂ ਦੀਆਂ ਲਿਖਤਾਂ ਵਿੱਚੋਂ ਮਿਲਦੇ ਹਨ। ਸੁਕਰਾਤ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕਰਨ ਵਿੱਚ ਸੁਕਰਾਤ ਦੇ  ਪਰਮ ਦੋਸਤ ਅਰਿਸਤੋਫੇਨਸ ਦੇ ਨਾਟਕ

'ਕਲਾਊਡਜ਼' ਦੀ ਅਹਿਮ ਭੂਮਿਕਾ ਸੀ। ਇਹ ਇੱਕ ਹਾਸ-ਨਾਟਕ ਸੀ ਜੋ ਅਜਿਹੇ ਫਿਲਾਸਫਰ ਦੇ ਪਾਤਰ ਨੂੰ ਕੇਂਦਰ ਵਿੱਚ ਰੱਖ ਕੇ ਲਿਖਿਆ ਗਿਆ ਸੀ ਜੋ ਹਵਾਈ ਦੁਨੀਆਂ ਵਿੱਚ ਵਿਚਰਦਾ ਹੈ। ਉਹ ਨੌਜਵਾਨਾਂ ਨੂੰ ਚਲਾਕੀਆਂ ਸਿਖਾਉਂਦਾ ਹੈ। ਪਰਿਵਾਰਕ ਮੁਹਾਜ਼ 'ਤੇ ਆਪਣੇ ਨਕਾਰੇਪਣ ਦਾ ਦੁਖਾਂਤ ਭੋਗਦਾ ਉਹ ਕਿਰਦਾਰ ਸਮਾਜ ਤੋਂ ਬਦਲਾ ਲੈਣ ਲਈ ਨੌਜਵਾਨ ਤਬਕੇ ਨੂੰ ਸਮਾਜ ਦਾ ਵਿਰੋਧੀ ਬਣਾਉਂਦਾ ਹੈ। ਉਹ ਐਸੇ ਗਿਆਨ ਦਾ ਉਤਪਾਦਨ ਕਰਦਾ ਹੈ ਜੋ ਸਮਾਜ ਦੀ ਸਹੀ ਦਿਸ਼ਾ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ। ਇਸ ਨਾਟਕ ਦੇ ਮੁੱਖ ਪਾਤਰ ਨੂੰ ਸੁਕਰਾਤ ਵਰਗੀ ਦਿੱਖ ਦਿੱਤੀ ਗਈ ਸੀ। ਸੁਕਰਾਤ ਦੇ ਵਿਰੋਧੀਆਂ ਨੇ ਨਾਟਕ ਦੇ ਨਾਂਹ-ਪੱਖੀ ਪ੍ਰਭਾਵਾਂ ਨੂੰ ਉਸ ਵਿਰੁੱਧ ਵਰਤਿਆ। ਇਸ ਨਾਟਕ ਵਿੱਚ ਯੂਨਾਨੀ ਦੇਵਤਿਆਂ ਨੂੰ ਕੋਸਣ ਵਾਲੇ ਵਾਰਤਾਲਾਪ ਨੂੰ ਲੋਕਾਂ ਨੇ ਸੁਕਰਾਤ ਦੇ ਵਿਚਾਰ ਮੰਨਿਆਂ ਜਿਸ ਨੇ ਸੁਕਰਾਤ ਵਿਰੁੱਧ ਮਾਹੌਲ ਬਣਾਉਣ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ। ਸੁਕਰਾਤ ਦੇ ਨਿੰਦਕਾਂ ਨੇ ਉਸ ਦੀ ਗਿਆਨ ਪ੍ਰਾਪਤ ਕਰਨ ਦੀ ਵਿਅੰਗ-ਵਿਧੀ ਨੂੰ ਵੀ ਲੋਕਾਂ ਦਾ ਮਜ਼ਾਕ ਉਡਾਉਣਾ ਅਤੇ ਉਸ ਦਾ ਅਹੰਕਾਰ ਦੱਸਿਆ।


ਇਸ ਸਮੇਂ ਸੰਨ 404 ਈ.ਪੂ. ਵਿੱਚ ਏਥਨਜ਼, ਸਪਾਰਟਾ ਤੋਂ ਜੰਗ ਹਾਰ ਜਾਣ ਉਪਰੰਤ ਨਮੋਸ਼ੀ, ਭੁੱਖਮਰੀ, ਗਰੀਬੀ ਤੇ ਬੇਕਾਰੀ ਨਾਲ ਜੂਝ ਰਿਹਾ ਸੀ। ਏਥਨਸ ਦੀ ਸੰਸਦ 'ਤੇ ਕਾਬਜ਼ ਧੜੇ ਨੇ ਇਸ ਹਾਰ ਦਾ ਕਾਰਨ ਦੇਵਤਿਆਂ ਦੀ ਕਰੋਪੀ ਮੰਨਿਆਂ ਜਿਸ ਲਈ ਸੁਕਰਾਤ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਸੁਕਰਾਤ ਵਿਰੁੱਧ ਉਸ ਦੇ ਤਿੰਨ ਵਿਰੋਧੀਆਂ- ਇੱਕ ਅਮੀਰ ਸ਼ਿਲਪਕਾਰ ਅਨਾਈਟਸ, ਰਾਜਸੀ ਆਗੂ ਲਾਈਕਨ ਤੇ ਕਵੀ ਮੇਲਿਟਸ ਨੇ ਦੋ ਇਲਜ਼ਾਮ ਲਾਏ। ਪਹਿਲਾ ਇਹ ਕਿ ਉਹ ਦੇਵਤਿਆਂ ਦੀ ਪੂਜਾ ਨਹੀਂ ਕਰਦਾ, ਸਗੋਂ ਆਪਣੇ ਨਵੇਂ ਦੇਵਤੇ ਬਣਾਈ ਫਿਰਦਾ ਹੈ। ਦੂਜਾ ਇਹ ਕਿ ਉਹ ਨੌਜਵਾਨਾਂ ਦੇ ਦਿਮਾਗਾਂ ਨੂੰ ਗਲਤ ਪ੍ਰਚਾਰ ਰਾਹੀਂ ਦੂਸ਼ਿਤ ਕਰਦਾ ਹੈ। ਸ਼ਿਕਾਇਤਕਰਤਾਵਾਂ ਨੇ ਇਨ੍ਹਾਂ ਇਲਜ਼ਾਮਾਂ ਨੂੰ ਸਮਾਜ ਲਈ ਬੇਹੱਦ ਖਤਰਨਾਕ ਦੱਸਦਿਆਂ ਸੁਕਰਾਤ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ।

ਏਥਨਜ ਦੀ ਸੰਸਦ ਦੇ 500 ਮੈਂਬਰਾਂ ਨੇ ਸੁਕਰਾਤ ਵਿਰੁੱਧ ਮੁਕੱਦਮੇ ਦੀ ਸੁਣਵਾਈ ਕੀਤੀ। ਇਹ ਕਾਰਵਾਈ ਦੇਖਣ ਲਈ ਏਥਨਜ ਦੇ ਬਹੁਤ ਸਾਰੇ ਆਮ ਨਾਗਰਿਕ ਵੀ ਆ ਪੁੱਜੇ ਸਨ। ਸੱਤਰ ਵਰ੍ਹਿਆਂ ਦਾ ਬਜ਼ੁਰਗ ਦਾਨਿਸ਼ਵਰ ਜਿਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਫਲਸਫੇ ਦੇ ਲੇਖੇ ਲਾ ਦਿੱਤਾ ਸੀ, ਇਨਸਾਫ ਵਿਰੋਧੀ ਕਾਰਵਾਈ ਸਾਹਮਣੇ ਆਪਣੇ ਤਰਕਾਂ ਸਮੇਤ ਹਾਜ਼ਰ ਸੀ। ਸੁਕਰਾਤ ਨੇ ਆਪਣੇ ਉੱਪਰ ਲੱਗੇ ਇਲਜ਼ਾਮਾਂ ਨੂੰ ਠੋਸ ਤਰਕਾਂ ਨਾਲ ਰੱਦ ਕੀਤਾ। ਉਸ ਨੇ ਸ਼ਿਕਾਇਤਕਰਤਾ ਮੇਲਿਟਸ ਨੂੰ ਸਵਾਲਾਂ ਵਿੱਚ ਉਲਝਾ ਕੇ ਏਥਨਜਵਾਸੀਆਂ ਨੂੰ ਸਪਸ਼ਟ ਕਰ ਦਿੱਤਾ ਕਿ ਇਹ ਮੁਕੱਦਮਾਂ ਨਿਜੀ ਰੰਜਿਸ਼ ਤੋਂ ਸਿਵਾ ਕੁੱਝ ਵੀ ਨਹੀਂ ਹੈ ਅਤੇ ਉਸ ਵਿਰੁੱਧ ਲਗਾਏ ਦੋਸ਼ ਕਿੰਨੇ ਹਾਸੋਹੀਣੇ ਹਨ। ਸੁਕਰਾਤ ਨੇ ਕਸਮ ਖਾ ਕੇ ਜੱਜਾਂ ਸਾਹਮਣੇ ਸਵੀਕਾਰ ਕੀਤਾ ਕਿ ਉਹ ਪਰਮਾਰਥ ਵਿੱਚ ਯਕੀਨ ਰਖਦਾ ਹੈ ਅਤੇ ਦੇਵਤਿਆਂ ਉਪਰ ਇੰਨਾਂ ਭਰੋਸਾ ਹੈ ਕਿ ਮੁਕੱਦਮਾਂ ਚਲਾਉਣ ਵਾਲਿਆਂ ਵਿੱਚੋਂ ਕਿਸੇ ਦਾ ਵੀ ਨਹੀਂ ਹੋਣਾ। ਉਸ ਨੇ ਸਪਸ਼ਟ ਕੀਤਾ ਕਿ ਸੋਚਣ ਦੇ ਵਿਲੱਖਣ ਤਰੀਕੇ ਕਾਰਨ ਹੀ ਨੌਜਵਾਨ ਉਸ ਕੋਲ ਆਉਂਦੇ ਹਨ। ਇਹ ਤਰੀਕਾ ਵੀ ਉਸ ਨੇ ਯੂਨਾਨ ਦੀ ਸੱਭਿਆਚਾਰਕ ਵਿਰਾਸਤ ਵਿੱਚੋਂ ਹੀ ਗ੍ਰਹਿਣ ਕੀਤਾ ਹੈ।

ਬਹਿਸ ਤੋਂ ਬਾਅਦ 501 ਲੋਕਾਂ ਨੇ ਸਜ਼ਾ ਸਬੰਧੀ ਆਪਣੀ ਰਾਇ ਦਰਜ਼ ਕਰਵਾਈ। ਇਨ੍ਹਾਂ ਵਿੱਚੋਂ 281 ਜਣਿਆਂ ਨੇ ਸੁਕਰਾਤ ਨੂੰ ਸਜ਼ਾ ਦੇਣ ਦੇ ਪੱਖ ਵਿੱਚ ਅਤੇ 220 ਨੇ ਵਿਰੋਧ ਵਿੱਚ ਰਾਇ ਪ੍ਰਗਟ ਕੀਤੀ। ਅਦਾਲਤ ਨੇ ਸੁਕਰਾਤ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 399 ਈ.ਪੂਰਬ ਦੀ ਬਸੰਤ ਦੀ ਇਹ ਸਵੇਰ ਦਰਸ਼ਨ, ਨਿਆਂ ਅਤੇ ਮਨੁੱਖਤਾ ਦੇ ਇਤਿਹਾਸ ਵਿੱਚ ਕਾਲਾ ਦਿਨ ਸੀ। ਸੁਕਰਾਤ ਨੇ ਏਥਨਜਵਾਸੀਆਂ ਅੱਗੇ ਦੇਸ਼ਨਿਕਾਲਾ ਜਾਂ ਉਮਰ ਕੈਦ ਲਈ ਰਹਿਮ ਦੀ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਸ਼ਹਿਰੀਆਂ ਨੂੰ ਕਿਹਾ, "ਮੈਂ ਗੁਨਾਹਗਾਰ ਦਾ ਦਾਗ ਸਿਰ 'ਤੇ ਲੈ ਕੇ ਨਫਰਤ ਨਾਲ ਜ਼ਿੰਦਗੀ ਨਹੀਂ ਭੋਗਣੀ ਚਾਹੁੰਦਾ।... ਮੈਂ ਇੰਨਾ ਅਮੀਰ ਵੀ ਨਹੀਂ ਕਿ ਜ਼ੁਰਮਾਨੇ ਦੀ ਰਕਮ ਅਦਾ ਕਰਕੇ ਛੁੱਟ ਜਾਵਾਂ"।

ਸੁਕਰਾਤ ਨੂੰ ਕਾਲਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ। ਸਜ਼ਾ ਤੋਂ 27 ਦਿਨ ਬਾਅਦ ਉਸ ਨੂੰ ਜ਼ਹਿਰ ਦਾ ਪਿਆਲਾ ਦੇਣ ਦੀ ਤਿਆਰੀ ਹੋਣ ਲੱਗੀ। ਸੁਕਰਾਤ ਦੀ ਪਤਨੀ ਜ਼ੈਨਥਿਪੀ ਅਤੇ ਤਿੰਨ ਪੁੱਤਰ-ਲੈਮਪ੍ਰੋਕਨੀਜ਼, ਸਾਫਰਾਨਿਕਸ ਤੇ ਮੈਨੀਜੀਨਸ, ਮਿੱਤਰ ਫੇਡੋ ਤੇ ਕ੍ਰੀਟੋ ਆਖਰੀ ਮੁਲਾਕਾਤ ਲਈ ਆਏ। ਉਸ ਦੇ ਚਿਹਰੇ 'ਤੇ ਦੁੱਖ ਦਾ ਕੋਈ ਪਰਛਾਵਾਂ ਨਜ਼ਰ ਨਹੀਂ ਆ ਰਿਹਾ ਸੀ। ਸੂਰਜ ਢਲਦਿਆਂ ਹੀ ਇੱਕ ਸਰਕਾਰੀ ਅਧਿਕਾਰੀ ਨੇ ਜ਼ਹਿਰ ਦਾ ਪਿਆਲਾ ਸੁਕਰਾਤ ਨੂੰ ਫੜਾ ਕੇ ਪੀਣ ਲਈ ਕਿਹਾ। ਸੁਕਰਾਤ ਜ਼ਹਿਰ ਦਾ ਸਾਰਾ ਪਿਆਲਾ ਇੱਕੋ ਵੇਰ ਪੀ ਗਿਆ, ਫਿਰ ਹਦਾਇਤਾਂ ਅਨੁਸਾਰ ਟਹਿਲਣ ਲੱਗਾ ਅਤੇ ਪੈਰ ਭਾਰੇ ਹੋਣ ਲੱਗੇ ਤਾਂ ਸਿੱਧਾ ਲੇਟ ਗਿਆ। ਕੁੱਝ ਸਮੇਂ ਬਾਅਦ ਉਸ ਦਾ ਸਰੀਰ ਠੰਢਾ ਪੈ ਗਿਆ ਅਤੇ ਗਿਆਨ ਦਾ ਸੂਰਜ ਅਸਤ ਹੋ ਗਿਆ।

ਇੰਜ ਦੁਨੀਆਂ ਦੇ ਇਤਿਹਾਸ ਵਿੱਚ ਸਭ ਤੋਂ ਉਪਜਾਊ ਦਿਮਾਗ ਵਾਲਾ ਮੰਨਿਆਂ ਜਾਂਦਾ ਸੁਕਰਾਤ ਅਗਿਆਨੀ ਤੇ ਈਰਖਾਲੂ ਵਿਰੋਧੀਆਂ ਦੀ ਸਾਜਿਸ਼ ਦਾ ਸ਼ਿਕਾਰ ਹੋ ਗਿਆ। ਜਦੋਂ ਦਹਾਕਿਆਂ ਬਾਅਦ ਏਥਨਜਵਾਸੀਆਂ ਨੂੰ ਇਸ ਗਲਤੀ ਦਾ ਅਹਿਸਾਸ ਹੋਇਆ ਤਾਂ ਉਦੋਂ ਤੱਕ ਸੁਕਰਾਤ ਦਾ ਗਿਆਨ, ਦਰਸ਼ਨ ਤੇ ਚਿੰਤਨ ਪੂਰੀ ਦੁਨੀਆਂ 'ਤੇ ਛਾ ਜਾਣ ਲਈ ਲੰਮੇ ਸਫਰ 'ਤੇ ਨਿਕਲ ਚੁੱਕਾ ਸੀ। ਸੁਕਰਾਤ ਮਨੁੱਖੀ ਆਕਾਸ਼ ਦਾ ਧਰੂ ਤਾਰਾ ਹੈ ਜਿਸ ਦੀ ਚਮਕ ਕਦੇ ਵੀ ਫਿੱਕੀ ਨਹੀਂ ਪਏਗੀ। ਇਸ ਧਰਤੀ ਉਪਰ ਮਨੁੱਖੀ ਹੋਂਦ ਦੀ ਸਲਾਮਤੀ ਤੱਕ ਉਹ ਵਿਚਾਰਾਂ ਤੇ ਅਮਲ ਦੀ ਸਾਂਝ ਲਈ ਦੁਨੀਆਂ ਦੇ ਦਾਰਸ਼ਨਿਕਾਂ ਨੂੰ ਵੰਗਾਰਦਾ ਰਹੇਗਾ।



## NEW FIVE YEAR MEMBERS OF "SAINI SANSAR"

Ajmer Singh Dhamrait
Saini Bhawan, Rupnagar

Continued from page 25 of 36th Issue

853. **S. Kuldeep Singh**
VPO Phagwara
854. **S. Avtar Singh**
VPO Phagwara
855. **S. Kulwinder Singh (Kindda)**
Baba Singh Nagar, Phagwara
856. **S. Harjinder Singh**
VPO Phagwara
857. **Smt. Baljinder Kaur**
**W/o Arvinder Singh**
Shiwalik Enclave, Landran Road, Kharar
858. **S. Surmukh Singh**
Shop 2, Transport Nagar, Ropar
859. **S. Dharam Singh Talapuri**
Vill. Talapur, P.O. Bhakumajra, Ropar
860. **S. Ranjit Singh**
# 99, Sun Enclave, Ropar
861. **S. Pritpal Singh**
# 1104, Sector 49B, Chandigarh
862. **S. Surinder Singh**
Vill. Barampur, P.O. Malikpur, Ropar

### TRAINING SCHOOLS BEING RUN BY SAINI BHAWAN RUPNAGAR

1. **Tailoring & Embroidery School**
2. **Computer Training School**
3. **Beautician Art Centre**
4. **Fashion Designing Centre**

**MAIN FEATURES**

1. Protective Environment For Girls.
2. Highly Qualified Staff.
3. Nominal Fee.
4. Special Concession For Poor.
5. Ultra Modern Equipment.
6. Facility of Short Term & Long Term Courses according to need.



Poem

## That Still Night

Parwaz Singh
Bakersfield (Ca) USA

The moon gleams its gentle colours, bright.
The Sun has hidden,
not anywhere in plain sight.

The stars have lightened up travelers' way.
Like fireflies, that guide the lost,
out of their stray.

The breeze raps softly,
against childrens' panes.
Night dwellers have awaken,
roaming valleys and plains.

Silence fills the once azure skies.
It fades to inky black,
in front of weary eyes.

Dawn would not betide
for many more hours.
Nix until Eve's reign,
finally cowers.

Many thank the Sunlight,
for its refreshing liveliness.
None think about
Midnight's startling loveliness.

Day is right, joyous, ravishing, bright.
Yet, I thank the stars,
for that still night.

ਸੈਣੀ ਹੀਰਾ

# ਅਰਜੁਨ ਐਵਾਰਡੀ ਫੁੱਟਬਾਲ ਸਟ੍ਰਾਈਕਰ ਇੰਦਰ ਸਿੰਘ ਸੈਣੀ

**ਅਮਰਜੀਤ ਸਿੰਘ**
ਸੈਣੀ ਭਵਨ, ਰੂਪਨਗਰ



ਦੇਸ਼ ਦੇ ਖਾਸ ਕਰ ਪੰਜਾਬ ਦੇ ਫੁਟਬਾਲ ਦੀਵਾਨਿਆਂ ਦੇ ਸੁਪਨਿਆਂ ਦਾ ਬਾਦਸ਼ਾਹ ਇੰਦਰ ਸਿੰਘ ਭਾਰਤੀ ਫੁਟਬਾਲ ਦੇ ਆਕਾਸ਼ ਦਾ ਆਫ਼ਤਾਬ ਭਾਵ ਚੜਦਾ ਸੂਰਜ ਹੈ। ਕਿਸੇ ਸਮੇ ਇੰਦਰ ਸਿੰਘ ਭਾਰਤ ਦਾ ਸਿਰਕੱਢ ਸਟ੍ਰਾਈਕਰ ਸੀ। ਉਸ ਦੀ ਤਰਬੀਅਤ ਦੇ ਫੁਟਬਾਲਰਾਂ ਦੀ ਕੌਮੀ ਟੀਮ 'ਚ ਹੁਣ ਤੱਕ ਤੋਟ ਚਲ ਰਹੀ ਹੈ । ਦੂਜੇ ਸ਼ਬਦਾਂ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇੰਦਰ ਸਿੰਘ ਜੰਮਿਆ ਹੀ ਫੁਟਬਾਲ ਦੀ ਬੇੜੀ ਪੱਤਣ ਲਾਉਣ ਲਈ ਸੀ।

'ਪੰਜਾਬ ਦਾ ਪਿੱਲੇ' ਅਰਜੁਨ ਐਵਾਰਡੀ ਸ. ਇੰਦਰ ਸਿੰਘ ਦਾ ਜਨਮ 1943 ਵਿੱਚ ਸ. ਭਗਤ ਸਿੰਘ ਦੇ ਘਰ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਸ਼ਹਿਰ ਦੇ ਗਿਰਨ (ਸੈਣੀ) ਪਰਿਵਾਰ ਵਿੱਚ ਹੋਇਆ। ਆਪ ਨੇ 1959 ਤੋਂ ਸਕੂਲੀ ਟੀਮ ਵਿੱਚ ਫੁੱਟਬਾਲ ਖੇਲ੍ਹਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਇੰਦਰ ਸਿੰਘ ਕੌਮੀ ਫੁੱਟਬਾਲ ਦੇ ਮੈਦਾਨ ਚ ਕੁੱਦ ਪਿਆ। ਇੱਥੋਂ ਦੇ ਬੈਸਟ ਪਲੇਅਰ ਵਜੋਂ ਆਪਣੇ ਸਮੇਂ ਦੇ ਮਸ਼ਹੂਰ ਲੀਡਰਜ਼ ਫੁੱਟਬਾਲ ਕਲੱਬ ਜਲੰਧਰ ਵਾਲਿਆਂ ਨੇ ਇੰਦਰ ਸਿੰਘ ਨੂੰ ਆਪਣੀ ਫੁੱਟਬਾਲ ਕਲੱਬ ਦੀ ਕਮੇਟੀ ਵਿੱਚ ਲੈ ਲਿਆ ਜਿਸ ਨਾਲ ਉਹ 1960 ਤੋਂ 1974 ਤੱਕ ਜੁੜਿਆ ਰਿਹਾ। ਜਦੋਂ 1970 'ਚ ਜੇਸੀਟੀ ਫਗਵਾੜਾ ਮਿੱਲ ਨੇ ਆਪਣੀ ਫੁੱਟਬਾਲ ਟੀਮ ਖੜ੍ਹੀ ਕੀਤੀ ਤਾਂ ਖੇਡ ਪ੍ਰਬੰਧਕ ਇੰਦਰ ਸਿੰਘ ਨੂੰ ਆਪਣੀ ਫੁੱਟਬਾਲ ਟੀਮ 'ਚ ਲੈ ਆਏ। ਫਗਵਾੜਾ ਮਿੱਲ ਦੀ ਟੀਮ ਨਾਲ ਜੁੜਨ ਸਦਕਾ ਇੰਦਰ ਸਿੰਘ ਦਾ ਅਸਲੀ ਫੁੱਟਬਾਲ ਖੇਡਣ ਦਾ ਮੁੱਢ ਬੰਨ੍ਹਿਆ ਗਿਆ। ਇਸ ਦੌਰਾਨ ਉਸਦੀ ਖੇਡ ਸਿਖਰਲੀ ਹੱਦ ਤੱਕ ਜਾ ਪਹੁੰਚੀ। ਇੰਦਰ ਸਿੰਘ 1974 ਤੋਂ 1985 ਤੱਕ ਲਗਾਤਾਰ ਗਿਆਰਾਂ ਸਾਲ ਜੇਸੀਟੀ ਫਗਵਾੜਾ ਵਲੋਂ ਕੌਮੀ ਫੁੱਟਬਾਲ ਖੇਡਿਆ। ਹਿੰਦ ਦੀ ਫੁੱਟਬਾਲ ਟੀਮ ਦੀ 1969 ਤੋਂ 1975 ਤੱਕ ਕਪਤਾਨੀ ਦਾ ਭਾਰ ਆਪਣੇ ਸਿਰ ਸੰਭਾਲਣ ਵਾਲੇ ਇੰਦਰ ਸਿੰਘ ਨੂੰ ਦੋ ਸਾਲ 1967 ਤੇ 1968 'ਚ ਆਲ ਏਸ਼ੀਅਨ ਸਟਾਰ ਫੁੱਟਬਾਲ ਟੀਮ ਦੀ ਨੁਮਾਂਇੰਦਗੀ ਕਰਨ ਦਾ ਮਾਣ ਹਾਸਲ ਹੋਇਆ। ਕਾਬਲੇਗੌਰ ਹੈ ਕਿ ਪਨਾਮ ਦੇ ਫੁੱਟਬਾਲਰ ਜਰਨੈਲ ਸਿੰਘ ਤੋਂ ਬਾਅਦ ਇੰਦਰ ਸਿੰਘ ਨੇ ਪੰਜਾਬ ਦਾ ਦੂਜਾ ਏਸ਼ੀਅਨ ਫੁਟਬਾਲ ਖਿਡਾਰੀ ਬਣਨ ਦਾ ਵੱਡਾ ਜੱਸ ਖੱਟਿਆ। ਜੇਸੀਟੀ ਦੀ ਟੀਮ ਤੋਂ ਇਲਾਵਾ ਇੰਦਰ ਨੇ 1962 ਤੋਂ 1978 ਤੱਕ ਕੌਮੀ ਟੀਮ ਦੀ ਪ੍ਰਤੀਨਿੱਧਤਾ ਵੀ ਕੀਤੀ। ਕੌਮੀ ਫੁਟਬਾਲ ਦਾ ਸਭ ਤੋਂ ਵੱਡਾ 'ਸੰਤੋਸ਼ ਫੁਟਬਾਲ ਟਰਾਫ਼ੀ 'ਮੁਕਾਬਲਾ ਖੇਡਣ ਵਾਲੀ ਪੰਜਾਬ ਦੀ ਟੀਮ ਦੀ ਇੰਦਰ ਸਿੰਘ ਨੇ ਬਾਰਾਂ ਸਾਲ ਕਪਤਾਨੀ ਵੀ ਕੀਤੀ।

ਇੰਦਰ ਸਿੰਘ ਮੈਦਾਨ ਅੰਦਰ ਆਪਣੀ ਮਨਪਸੰਦ ਪੁਜ਼ੀਸ਼ਨ, ਸੈਂਟਰ ਫਾਰਵਰਡ ਖੇਡਦਾ ਹੁੰਦਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਇੰਦਰ ਸਿੰਘ ਬਰਾਜ਼ੀਲ ਜਾਂ ਫੁੱਟਬਾਲ ਦੇ ਕਦਰਦਾਨ ਕਿਸੇ ਹੋਰ ਦੇਸ਼ 'ਚ ਜਨਮਿਆਂ ਹੁੰਦਾ ਤਾਂ ਇਸ ਖਿਡਾਰੀ ਦੀ ਖੇਡ ਦਾ ਰੂਪ ਤੇ ਰੁਤਬਾ ਹੀ ਕੁੱਝ ਹੋਰ ਹੁੰਦਾ। ਵਿਰੋਧੀ ਟੀਮਾਂ ਵਿਰੁੱਧ ਗੋਲਾਂ ਦੀ ਝੜੀ ਲਾਉਣ ਵਾਲੇ ਇੰਦਰ ਸਿੰਘ ਦਾ ਨਾਮ ਫੁਟਬਾਲ ਖੇਡ ਦੇ ਸੁਨਹਿਰੀ ਇਤਿਹਾਸ 'ਚ ਕਦੋਂ ਦਾ ਲਿਖਿਆ ਜਾ ਚੁੱਕਾ ਹੈ। ਪੰਜਾਬ ਲਈ ਇਹ ਕਿੱਡੀ ਸ਼ਰਮ ਵਾਲੀ ਗੱਲ ਹੈ ਕਿ ਮੁੜ ਤੋਂ ਇਥੋਂ ਦੇ ਖੇਡ ਮੈਦਾਨਾਂ ਤੋਂ ਇੱਕ ਵੀ ਇੰਦਰ ਪੈਦਾ ਨਹੀਂ ਹੋਇਆ। ਜਦੋਂ ਕਿ ਫੁੱਟਬਾਲ ਖੇਡ 'ਤੇ ਮਰ ਮਿਟਣ ਵਾਲੇ ਦੇਸ਼ ਆਪਣੇ ਕਿਸੇ ਵੀ ਲਾਸਾਨੀ ਖਿਡਾਰੀ ਦੀ ਬਰੋਬਰੀ ਵਾਲੇ ਦਸ ਖਿਡਾਰੀ ਤਿਆਰ ਕਰਨ ਨੂੰ ਹੀ ਆਪਣੀ ਅਸਲੀ ਖੇਡ ਪ੍ਰਾਪਤੀ ਮੰਨਦੇ ਹਨ। 1974 'ਚ ਜਲੰਧਰ 'ਚ ਹੋਏ ਸੰਤੋਸ਼ ਟਰਾਫੀ ਦੇ ਖੇਡ ਮੁਕਾਬਲੇ ਸਮੇਂ ਮੇਜ਼ਬਾਨ ਟੀਮ ਦੇ ਅਗਲੀ ਪਾਲ ਦੇ ਜਾਂਬਾਜ਼ ਹਮਲਾਵਰ ਖਿਡਾਰੀਆਂ ਨੇ ਵਿਰੋਧੀ ਟੀਮਾਂ ਸਿਰ 46 ਗੋਲਾਂ ਦਾ ਭਾਰ ਲੱਦ ਦਿੱਤਾ ਜਿਨ੍ਹਾਂ ਵਿੱਚੋਂ 23 ਕੇਵਲ ਇੰਦਰ ਸਿੰਘ ਨੇ ਕੀਤੇ ਸਨ। ਇੰਦਰ ਸਿੰਘ ਨੂੰ ਜਰਨੈਲ ਸਿੰਘ ਤੋਂ ਬਾਅਦ ਰੁਸਤਮ ਫੁਟਬਾਲਰ ਗਿਣਿਆ ਜਾਂਦਾ ਹੈ। 1963 ਤੋਂ 1975 ਤੱਕ ਇੰਦਰ ਸਿੰਘ ਭਾਰਤੀ ਫੁਟਬਾਲ ਟੀਮ ਦਾ ਰੈਗੂਲਰ ਖਿਡਾਰੀ ਰਿਹਾ। ਬੈਂਕਾਕ 1966 ਚ ਉਹ ਏਸ਼ੀਆਈ ਫੁਟਬਾਲ 'ਚ ਨਿਤਰਨ ਵਾਲੀ ਕੌਮੀ ਟੀਮ ਲਈ ਫੈਸਲਾਕੁੰਨ ਖੇਡ ਖੇਡਿਆ ਪਰ ਇਹ ਉਸਦੀ ਬਦਕਿਸਮਤੀ ਹੀ ਸਮਝੋ ਕਿ ਬੇਹਤਰ ਖੇਡ ਖੇਡਣ ਦੇ ਬਾਵਜੂਦ ਉਹ ਫੁਟਬਾਲ ਟੀਮ ਨੂੰ ਜੇਤੂ ਰੰਗ ਚ ਨਾ ਰੰਗ ਸਕਿਆ। 1964 ਚ ਇਸਰਾਈਲ 'ਚ ਏਸ਼ੀਆਈ ਫੁੱਟਬਾਲ ਕੈਂਪ ਮੁਕਾਬਲੇ 'ਚ ਟੀਮ ਨੂੰ ਸਿਲਵਰ ਕੱਪ ਜੇਤੂ ਜਿਤਾਉਣ ਵਾਲੇ ਇੰਦਰ ਸਿੰਘ ਨੂੰ 1970 ਚ ਏਸ਼ੀਆਈ ਫੁਟਬਾਲ ਦੀ ਖੇਡਣ ਦੀ ਬੇਸਬਰੀ ਨਾਲ ਉਡੀਕ ਸੀ ਪਰ ਗੋਡੇ ਦੀ ਗੰਭੀਰ ਸੱਟ ਕਾਰਨ 1970 ਦੇ ਖੇਡ ਫਿਟਨੈਸ ਟੈਸਟ ਦੇ ਪੈਮਾਨੇ ਚ ਫੇਲ੍ਹ ਸਾਬਤ ਹੋਇਆ। ਇੰਦਰ ਸਿੰਘ ਲਈ 1972 ਦਾ ਏਸ਼ਿਆਈ ਫੁਟਬਾਲ ਟੂਰਨਾਮੈਂਟ ਨਾ ਖੇਡ ਸਕਣਾ ਕੌੜਾ ਅੱਕ ਚੱਬਣ ਬਰੋਬਰ ਸੀ। ਘਾਤਕ ਸਟਰਾਈਕਰ ਇੰਦਰ ਸਿੰਘ ਨੂੰ 1969 ਤੇ 1973 ਦੇ ਮੰਡੇਕਾ ਫੁਟਬਾਲ ਕੱਪ ਇੰਡੋਨੇਸ਼ੀਆ 'ਚ ਕੌਮੀ ਫੁੱਟਬਾਲ ਟੀਮ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ। ਇੰਦਰ ਸਿੰਘ ਨੂੰ ਦੇਸ਼ ਨੂੰ ਦਿੱਤੀਆਂ ਖੇਡ ਸੇਵਾਵਾਂ ਬਦਲੇ 1969 'ਚ ਭਾਰਤ ਸਰਕਾਰ ਵਲੋਂ ਵੱਡੇ ਖੇਡ ਸਨਮਾਨ



ਬਾਕੀ ਪੰਨਾ 35 'ਤੇ .....



## ਸੁੰਨੇ ਵਿਹੜੇ 'ਚ ਲੱਗੀ ਰੌਣਕ

**ਗੁਰਬਿੰਦਰ ਸਿੰਘ ਮਾਣਕ**
ਪਿੰਡ ਖਰਲ ਕਲਾਂ, ਜ਼ਿਲ੍ਹਾ ਜਲੰਧਰ

ਤਕਰੀਬਨ ਪੈਂਤੀ ਕੁ ਸਾਲ ਪਹਿਲਾਂ ਸਾਡੇ ਪਰਿਵਾਰ ਵਿੱਚ ਪਹਿਲਾ ਬੱਚਾ, ਲੜਕੀ ਪੈਦਾ ਹੋਈ ਤਾਂ ਘਰ ਦਾ ਮਾਹੌਲ ਲਗਪਗ ਠੀਕ ਹੀ ਸੀ। ਟੱਬਰ ਦੇ ਬਹੁਤੇ ਜੀਅ ਤਾਂ ਖੁਸ਼ ਸਨ, ਪਰ ਕੁਝ ਅੰਦਰੋਂ ਅੰਦਰੀ ਉਦਾਸ ਸਨ। ਬੱਚੀ ਦੇ ਪਿਤਾ ਨੂੰ ਵੀ ਇਸ ਉਦਾਸੀ ਨੇ ਘੇਰਿਆ ਹੋਇਆ ਹੋਇਆ ਸੀ। ਉਹ ਸਾਰਿਆਂ ਨੂੰ ਇੱਕੋ ਗੱਲ ਕਹੀ ਜਾਵੇ, "ਯਾਰ, ਪਹਿਲਾ ਬੱਚਾ ਹੀ ਕੁੜੀ! ਮੈਂ ਤਾਂ ਹੁਣੇ ਕਬੀਲਦਾਰ ਹੋ ਗਿਆ।" ਘਰ ਦੇ ਜੀਅ ਉਸ ਦੀ ਗੱਲ 'ਤੇ ਹੱਸ ਪੈਂਦੇ ਤੇ ਉਸ ਨੂੰ ਹੌਸਲਾ ਵੀ ਦੇਈ ਜਾਂਦੇ ਜਿਵੇਂ ਕੋਈ ਵੱਡਾ ਭਾਣਾ ਵਾਪਰ ਗਿਆ ਹੋਵੇ। ਉਸ ਦਿਨ ਹੀ ਮੈਂ ਆਪਣੀ ਮਾਂ ਦੇ ਦਿਲ ਦੀ ਹਾਲਤ ਜਾਣਨ ਲਈ ਉਹ ਦੇ ਕੋਲ ਬੈਠ ਕੇ ਉਸ ਨੂੰ ਹੌਲੀ ਹੌਲੀ ਕੁਰੇਦਣ ਲੱਗਾ, " ਬੀਬੀ ਪੋਤੀ ਆ ਗਈ ਫੇ"।" ਚੱਲ ਹੋਊ ਪੁੱਤ, ਇਹ ਵੀ ਤਾਂ ਰੱਬ ਦਾ ਜੀਅ ਆ---। ਤੰਦਰੁਸਤ ਰਹੇ--- ਲੰਮੀਆਂ ਉਮਰਾਂ ਹੋਣ," ਬੀਬੀ ਨੇ ਅਸੀਸ ਦਿੰਦਿਆਂ ਕਿਹਾ। ਕੁਝ ਪਲਾਂ ਬਾਅਦ ਕਹਿਣ ਲੱਗੀ,"ਇਹ ਤਾਂ ਐਂਵੇ ਮੂੰਹ ਮਸੋਸ ਕੇ ਬੈਠੈ। ਸਾਡਾ ਬਾਪੂ ਜੀ ਜਾਣੀ ਤੁਹਾਡਾ ਨਾਨਾ ਕਹਿੰਦਾ ਹੁੰਦਾ ਸੀ ਬਈ ਰੱਬ ਜਿਹਦੇ 'ਤੇ ਬਹੁਤਾ ਖੁਸ਼ ਹੁੰਦੈ, ਉਹ ਨੂੰ ਧੀਅ ਦਿੰਦੈ।" ਮਨ ਖੁਸ਼ ਹੋ ਗਿਆ ਕਿ ਹੁਣ ਕਿਸੇ ਦੀ ਉਦਾਸੀ ਕੋਈ ਮਾਅਨੇ ਨਹੀਂ ਰੱਖਦੀ। ਛੇਤੀ ਹੀ ਉਹ ਸਭ ਦੀ ਚਹੇਤੀ ਬਣ ਗਈ ਤੇ ਘਰ ਦੇ ਜੀਆਂ ਵੱਲੋਂ ਇਸ ਧੀਅ ਨੂੰ ਰੱਜਵਾਂ ਪਿਆਰ ਮਿਲਿਆ। ਧੀਆਂ ਤਾਂ ਬਾਅਦ ਵਿੱਚ ਵੀ ਦੋ ਪੈਦਾ ਹੋਈਆਂ, ਪਰ ਮਜਾਲ ਹੈ ਕਿ ਕਿਸੇ ਦੇ ਮੱਥੇ 'ਤੇ ਵੱਟ ਪਿਆ। ਇਹ ਸਾਰੇ ਘਰ ਦੇ ਜੀਆਂ ਦੇ ਲਾਡ ਪਿਆਰ ਨਾਲ ਪ੍ਰਵਾਨ ਚੜ੍ਹੀਆਂ।

ਬੇਟੇ ਦੇ ਵਿਆਹ ਨੂੰ ਜਦੋਂ ਤਿੰਨ ਕੁ ਸਾਲ ਹੋ ਗਏ ਤਾਂ ਬੱਚੇ ਦੀ ਅਣਹੋਂਦ ਕਾਰਨ ਘਰ ਦੇ ਜੀਆਂ ਦੇ ਨਾਲ ਆਂਢ ਗੁਆਂਢ ਵਿੱਚ ਵੀ ਘੁਸਰ ਮੁਸਰ ਹੋਣ ਲੱਗੀ। ਆਨੇ-ਬਹਾਨੇ ਔਰਤਾਂ ਮੇਰੀ ਪਤਨੀ ਨੂੰ ਕਿਸੇ ਆਸ ਦੀ ਖਬਰ ਪੁੱਛਦੀਆਂ ਤਾਂ ਉਹ ਵੀ ਹੱਸ ਕੇ ਗੱਲ ਟਾਲ ਦਿੰਦੀ, ਪਰ ਮਨੋਂ ਅਸੀ ਦੋਵੇਂ ਚਾਹੁੰਦੇ ਸਾਂ ਕਿ ਹੁਣ ਇਸ ਵਿਹੜੇ 'ਚ ਵੀ ਬੱਚੇ ਦੀਆਂ ਕਿਲਕਾਰੀਆਂ ਗੂੰਜਣ। ਤਰੀਕੇ ਨਾਲ ਗੱਲ ਤਾਂ ਕਰਦੇ ਸਾਂ, ਪਰ ਜੁਆਨ ਬੱਚਿਆਂ ਨਾਲ ਖੁਲ੍ਹ ਕੇ ਅਜਿਹੀ ਗੱਲ ਕਰਨ ਤੋਂ ਹਿਚਕਚਾਉਂਦੇ ਸਾਂ। ਜੇ ਉਹਨਾਂ ਦੀ ਮਾਂ ਕੋਈ ਗੱਲਬਾਤ ਕਰਦੀ ਵੀ ਤਾਂ ਉਹ ਇਸ ਗੱਲ ਨੂੰ ਬਹੁਤਾ ਗੰਭੀਰਤਾ ਨਾਲ ਨਾ ਲੈਂਦੇ। ਜੇ ਕਿਸੇ ਡਾਕਟਰ ਦੀ ਸਲਾਹ ਲੈਣ ਲਈ ਕਹਿੰਦੇ ਤਾਂ ਵੀ ਬਹੁਤਾ ਨਾ ਗੌਲਦੇ ਤੇ 'ਅੱਛਾ ਦੇਖਦੇ ਹਾਂ' ਕਹਿ ਕੇ ਗੱਲ ਮੁਕਾ ਦਿੰਦੇ। ਜਦੋਂ ਦੋ ਸਾਲ ਹੋਰ ਬੀਤ ਗਏ ਤਾਂ ਘਰ ਦੇ ਸਾਰੇ ਜੀਆਂ ਦੇ ਮੱਥੇ ਤੇ ਚਿੰਤਾ ਦੀਆਂ ਲਕੀਰਾਂ ਹੋਰ ਗੂੜ੍ਹੀਆਂ ਹੋ ਗਈਆਂ। ਰਿਸ਼ਤੇਦਾਰ ਵੀ ਸਲਾਹਾਂ ਦੇਣ ਲੱਗੇ ਕਿ ਫਲਾਣੇ ਡਾਕਟਰ ਕੋਲ ਦਿਖਾਉ, ਕੋਈ ਕਿਸੇ 'ਪਹੁੰਚੇ ਹੋਏ ਬਾਬੇ' ਦੀ ਦੱਸ ਪਾਵੇ। ਫਿਕਰਮੰਦ ਤਾਂ ਅਸੀ ਦੋਵੇਂ ਸਾਂ, ਪਰ ਸਾਡੇ ਮਨ ਵਿੱਚ ਇਨ੍ਹਾਂ ਤਰਕਹੀਣ ਗੱਲਾਂ ਲਈ ਕੋਈ ਥਾਂ ਨਹੀਂ ਸੀ। ਹਾਂ, ਇਹ ਜ਼ਰੂਰ ਸੋਚ ਲੈਂਦੇ ਕਿ ਦੋਵੇਂ ਬੱਚੇ ਕਿਸੇ ਡਾਕਟਰ ਦੀ ਸਲਾਹ ਜ਼ਰੂਰ ਲੈ ਲੈਣ। ਜਦੋਂ ਡਾਕਟਰੀ ਜਾਂਚ ਵਿੱਚ ਸਭ ਕੁਝ ਸਹੀ ਪਾਇਆ ਗਿਆ ਤਾਂ ਚਿੰਤਾ ਘਟਣੀ ਸੁਭਾਵਿਕ ਸੀ।

ਬੱਚੇ ਦੀ ਅਣਹੋਂਦ ਕਾਰਨ ਘਰ ਵਿੱਚ ਬੇਰੌਣਕੀ ਪਸਰੀ ਰਹਿੰਦੀ। ਸਾਡਾ ਵੀ ਮਨ ਲੋਚਦਾ ਕਿ ਅਸੀਂ ਵੀ ਦਾਦਾ-ਦਾਦੀ ਦੇ ਰਿਸ਼ਤੇ ਵਿੱਚ ਬੱਝ ਕੇ ਕਿਸੇ ਬੱਚੇ ਨੂੰ ਲਾਡ ਲਡਾਈਏ। ਮੇਰੀ ਪਤਨੀ ਜਦੋਂ ਵੀ ਕਿਸੇ ਗੁਰਦੁਆਰੇ ਜਾਂਦੀ ਤਾਂ ਬੱਚੇ ਲਈ ਅਰਦਾਸ ਕਰਨਾ ਨਾ ਭੁੱਲਦੀ ਤੇ ਮੈਨੂੰ ਵੀ ਅਜਿਹਾ ਕਰਨ ਲਈ ਕਹਿੰਦੀ। ਮੈਨੂੰ ਕੁਦਰਤ ਦੇ ਵਰਤਾਰੇ 'ਤੇ ਤਾਂ ਪੂਰਾ ਵਿਸ਼ਵਾਸ ਸੀ, ਪਰ ਮੈਂ ਆਪਣੀ ਪਤਨੀ ਨੂੰ ਝੂਠ ਹੀ ਕਹਿ ਦਿੰਦਾ ਕਿ ਮੈਂ ਵੀ ਅਰਦਾਸ ਕਰ ਦਿੱਤੀ ਹੈ। ਪਤਾ ਨਹੀਂ ਇਹ ਕਿਸੇ ਅਰਦਾਸ ਦਾ ਸਬੱਬ ਸੀ ਜਾਂ ਕੁਦਰਤੀ ਪ੍ਰਕਿਰਿਆ ਦਾ ਸਿੱਟਾ ਕਿ ਜਦੋਂ ਆਸ ਦੀ ਕਿਰਨ ਜਾਗੀ ਤਾਂ ਘਰ ਵਿੱਚ ਖੁਸ਼ੀਆਂ ਦੇ ਗੁਲਾਬ ਖਿੜ ਉੱਠੇ।

ਜਦੋਂ ਇਹ ਪਤਾ ਲੱਗਾ ਕਿ ਜੌੜੇ ਬੱਚੇ ਹਨ ਤਾਂ ਸਾਰੇ ਜੀਆਂ ਦੀ ਖੁਸ਼ੀ ਦੂਣ-ਸਵਾਈ ਹੋ ਗਈ। ਜਦੋਂ ਕੋਈ ਤਕਲੀਫ ਹੁੰਦੀ ਤਾਂ ਮਨ ਡਰਨ ਲੱਗ ਜਾਂਦਾ ਤੇ ਹਰ ਕੋਈ ਇਸ ਖੁਸ਼ੀ ਦੇ ਸਹੀ ਸਲਾਮਤ ਨੇਪਰੇ ਚੜ੍ਹਨ ਦੀਆਂ ਦੁਆਵਾਂ ਕਰਦਾ। ਜਦੋਂ ਤਕਲੀਫ ਕੁਝ ਜ਼ਿਆਦਾ ਹੀ ਹੋ ਗਈ ਤਾਂ ਲੁਧਿਆਣੇ ਦੇ ਹਸਪਤਾਲ ਦੀ ਸ਼ਰਨ ਵਿੱਚ ਜਾ ਪਹੁੰਚੇ। ਡਾਕਟਰਾਂ ਬਾਰੇ ਚੰਗੀਆਂ ਮਾੜੀਆਂ ਕਈ ਧਾਰਨਾਵਾਂ ਬਣੀਆਂ ਹੋਈਆਂ ਹਨ, ਪਰ ਸਾਨੂੰ ਤਾਂ ਰੱਬ ਬਣ ਕੇ ਮਿਲੀ ਡਾਕਟਰ ਬੀਬੀ। ਉਹ ਦੇ ਪਿਆਰ ਤੇ ਅਪਣੱਤ ਭਰੇ ਬੋਲਾਂ ਨੇ ਦਵਾਈਆਂ ਤੋਂ ਵੀ ਵੱਧ ਕੰਮ ਕੀਤਾ। ਮਾਂ ਨੂੰ ਤਕਲੀਫ ਦੇ ਬਾਵਜੂਦ, ਡਾਕਟਰ ਬਹੁਤ ਸਿਆਣਪ ਨਾਲ ਸਮਾਂ ਪੂਰਾ ਕਰਦੀ ਤਾਂ ਕਿ ਪੈਦਾ ਹੋਣ ਵਾਲੇ ਬੱਚਿਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।

ਕੁਦਰਤ ਦੀ ਮਿਹਰ ਤੇ ਡਾਕਟਰ ਦੀ ਸੂਝ ਬੂਝ ਸਦਕਾ ਸਾਨੂੰ ਜੌੜੀਆਂ ਪੋਤੀਆਂ ਦੀ ਦਾਤ ਪ੍ਰਾਪਤ ਹੋਈ। ਹਰ ਜੀਅ ਖੁਸ਼ੀ ਵਿੱਚ ਖੀਵਾ ਹੋਇਆ ਪਿਆ ਸੀ। ਜਦੋਂ ਬੱਚੀਆਂ ਹਸਪਤਾਲ ਤੋਂ ਘਰ ਆਈਆਂ ਤਾਂ ਇੰਝ ਲੱਗਿਆ ਜਿਵੇਂ ਸੁੰਨੇ ਵਿਹੜੇ 'ਚ ਰੌਣਕਾਂ ਲੱਗ ਗਈਆਂ ਹੋਣ। ਜਿਵੇਂ ਚਿਰਾਂ ਦੀ ਔੜ ਮਾਰੀ ਧਰਤੀ ਨੂੰ ਮੀਂਹ ਦੇ ਛਰਾਟੇ ਨੇ ਸਰਸ਼ਾਰ ਕਰ ਦਿੱਤਾ ਹੋਵੇ।

ਘਰ ਦੇ ਸਭ ਜੀਆਂ ਨੂੰ ਜਿਵੇਂ ਇਕੋ ਹੀ ਆਹਰ ਹੋਵੇ,

ਨਵੀਆਂ ਆਈਆਂ ਪ੍ਰਹੁਣਿਆਂ ਦੀ ਸੇਵਾ ਸੰਭਾਲ ਕਰਨੀ। "ਮੂਲ ਨਾਲੋਂ ਵਿਆਜ ਪਿਆਰਾ" ਦੇ ਅਖਾਣ ਅਨੁਸਾਰ ਦਾਦੀ ਦਾਦੇ ਭਾਵ ਸਾਡੀ ਦੋਵਾਂ ਜੀਆਂ ਦੀ ਝੋਲੀ ਤਾਂ ਜਿਵੇਂ ਦੁਨੀਆਂ ਦੀ ਸਭ ਤੋਂ ਅਜ਼ੀਮ ਖੁਸ਼ੀ ਨਾਲ ਭਰ ਗਈ ਹੋਵੇ। ਸਭ ਲੋਕ ਮੁਬਾਰਕਾਂ ਦਿੰਦੇ ਹਨ, ਪਰ ਕਿਤੇ ਕਿਤੇ ਕੋਈ ਨਾ ਕੋਈ ਕਹਿ ਦਿੰਦਾ ਹੈ ਕਿ ਜੇ ਇੱਕ ਮੁੰਡਾ ਹੋ ਜਾਂਦਾ ਤਾਂ ਹੋਰ ਚੰਗਾ ਹੋ ਜਾਂਦਾ। ਇਹ ਸੁਣ ਕੇ ਮੇਰਾ ਮਨ ਕਰਦਾ ਕਿ ਕਹਿ ਦਿਆਂ, ਬਈ ਤੁਸੀਂ ਮੁਬਾਰਕ ਦੇਣ ਆਏ ਹੋ ਜਾਂ ਅਫਸੋਸ ਪ੍ਰਗਟ ਕਰਨ।

ਪਤਾ ਨਹੀ ਕਿਉਂ ਅਜੇ ਵੀ ਲੋਕਾਂ ਦੀ ਮਾਨਸਿਤਾ ਵਿਚ ਧੀਆਂ ਦੀ ਥਾਂ ਮੁੰਡਿਆਂ ਦੀ ਚਾਹਤ ਹੀ ਵਸੀ ਹੋਈ ਹੈ । ਕਈ ਲੋਕ ਤਾਂ ਅਜੇ ਵੀ ਧੀ ਨੂੰ ਔਲਾਦ ਹੀ ਨਹੀ ਮੰਨਦੇ ਤੇ ਮੁੰਡੇ ਦੀ ਲਾਲਸਾ ਵਿਚ ਕਈ ਕਈ ਪਾਪੜ ਵੇਲਦੇ ਹਨ। ਪਿੱਛੇ ਜਿਹੇ ਇਕ ਦੁਖਦਾਈ ਖਬਰ ਸੀ ਕਿ ਅੰਮ੍ਰਿਤਧਾਰੀ ਨਾਨੀ ਨੇ ਆਪਣੀਆਂ ਨਵਜੰਮੀਆਂ ਜੌੜੀਆਂ ਦੋਹਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ ਪੜ੍ਹ ਕੇ ਮਨ ਬਹੁਤ ਕਲਪਿਆ ਕਿ ਸਮਾਜ ਕਦੋਂ ਧੀਆਂ ਦੀ ਆਮਦ ਨੂੰ ਖ਼ੁਸ਼ੀ ਨਾਲ ਸਵੀਕਾਰ ਕਰੇਗਾ? ਆਪਣੀ ਮਿਹਨਤ ਤੇ ਲਿਆਕਤ ਸਦਕਾ ਧੀਆਂ ਹਰ ਪਾਸੇ ਛਾਈਆਂ ਹੋਈਆ ਹਨ। ਸਾਡਾ ਘਰ ਤਾਂ ਜੌੜੀਆਂ ਦੀਆਂ ਕਿਲਕਾਰੀਆਂ ਨੇ ਖ਼ੁਸ਼ੀਆਂ ਨਾਲ ਭਰ ਦਿੱਤਾ ਹੈ।

* * * * *

ਅਣਚਾਹੀ ਲੜਕੀ ਦਾ ਦਾਸਤਾਂ

## ਖੱਬਲ

ਮੈਂ ਤਾਂ ਕਿਆਰੀਆਂ ਵਿੱਚ, ਹੋਰਨਾਂ ਪੌਦਿਆਂ ਨਾਲ
ਕਿਸੇ ਖੱਬਲ਼ ਵਾਂਗ ਉੱਗ ਪਈ ਸਾਂ
ਤੇ ਖੱਬਲ਼ ਵਾਂਗ ਹੀ ਪਲ਼ ਗਈ ਹਾਂ।
ਮਾਲੀ ਨੇ ਜਦੋਂ ਵੀ ਚਾਹਿਆ,
ਮੈਨੂੰ ਪੁੱਟ ਕੇ ਸੁੱਟਣ ਦੀ ਕੋਈ ਕਸਰ ਨਹੀਂ ਛੱਡੀ।
ਪਰ ਮੈਂ ਉਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਨਾਲ,
ਮੁੜ ਉੱਗ ਪਈ।
ਪੌਦਿਆਂ ਨੂੰ ਗੋਡੀ ਹੁੰਦੀ
ਮੇਰੇ ਅੰਗ ਜ਼ਖਮੀ ਵੀ ਹੋ ਜਾਂਦੇ ਤਾਂ ਮੈਂ ਮੂਕ ਰਹਿੰਦੀ,
ਮੇਰੀਆਂ ਬਿਮਾਰ ਤਿੜ੍ਹਾਂ ਪੀੜ ਨਾਲ ਕੁਰਲਾਉਂਦੀਆਂ
ਪਰ ਮੈਂ ਦੰਦਾਂ ਹੇਠ ਜੀਭ ਦੇ ਕੇ
ਅੱਥਰੂ ਅੱਥਰੂ ਹੋਈ ਪਈ ਰਹਿੰਦੀ।
ਖੱਬਲ ਵਰਗੀ ਹੋਂਦ ਨੇ
ਪਿਆਰ ਭਰੇ ਹੱਥਾਂ ਦੀ ਛੋਹ ਲਈ
ਮੇਰੀ ਸਹਿਕ ਨੇ
ਤੇ ਘਣਛਾਵਾਂ ਬੂਟਾ ਹੁੰਦਿਆਂ ਸੁੰਦਿਆਂ
ਮੇਰੇ ਹਿੱਸੇ ਆਈ ਧੁੱਪ ਦੇ ਅਹਿਸਾਸ ਨੇ।
ਮੈਨੂੰ ਮੰਗਤੀ ਬਣਾ ਦਿੱਤਾ ਹੈ।

ਬਰਾਦਰੀ ਦਾ ਮਾਣ

## ਲੈਫਟੀਨੈਂਟ ਜਨਰਲ ਸਤਿੰਦਰ ਕੁਮਾਰ ਸੈਣੀ

ਦੇਸ਼ ਦੇ ਸਰਵੋਚ ਫੌਜੀ ਮੈਡਲ, AVSM ਨਾਲ ਸਨਮਾਨਿਤ ਐਸ.ਕੇ.ਸੈਣੀ ਭਾਰਤੀ ਥਲ ਸੈਨਾ ਦੀ ਦੱਖਣੀ ਕਮਾਂਡ ਦੇ ਜਨਰਲ ਆਫੀਸਰ ਕੋਮਾਂਡਰ ਇੰਨ ਚੀਫ ਹਨ। ਆਪ ਇੰਡੀਅਨ ਮਿਲਟਰੀ ਅਕੈਡਮੀ (IMA) ਦੇਹਰਾਦੂਨ ਦੇ ਕਮਾਂਡੈਂਟ ਵੀ ਰਹਿ ਚੁੱਕੇ ਹਨ।

ਸ਼੍ਰੀ ਸੈਣੀ ਮੁਢਲੀ ਸਿੱਖਿਆ ਸੈਨਿਕ ਸਕੂਲ ਕਪੂਰਥਲਾ ਤੋਂ ਹਾਸਲ ਕਰਨ ਉਪਰੰਤ ਨੈਸ਼ਨਲ ਡਿਫੈਂਸ ਅਕੈਡਮੀ(NDA) ਪੂਨੇ ਲਈ ਚੁਣੇ ਗਏ। ਸੰਨ 1981 ਵਿੱਚ ਕਮਿਸ਼ਨ ਲੈਣ ਉਪਰੰਤ ਆਪ ਇੰਡੀਅਨ ਮਿਲਟਰੀ ਅਕੈਡਮੀ ਦੇਹਰਾਦੂਨ ਤੋਂ ਫੌਜੀ ਸਿਖਲਾਈ ਹਾਸਲ ਕਰ ਕੇ ਸੈਕੰਡ ਲੈਫਟੀਨੈਂਟ ਬਣ ਗਏ। ਆਪ ਨੇ ਮਿਲਟਰੀ ਟਰੇਨਿੰਗ ਦੀਆਂ ਅੰਤਰ-ਰਾਸ਼ਟਰੀ ਸੰਸਥਾਵਾਂ, ਸਟਾਫ ਕਾਲਜ ਕੈਂਬਰਲੇ, ਰਾਇਲ ਮਿਲਟਰੀ ਕਾਲਜ ਆਫ ਸਾਇੰਸ ਸ਼੍ਰੀਵੇਨਹਮ ਅਤੇ ਨੈਸ਼ਨਲ ਡਿਫੈਂਸ ਕਾਲਜ ਢਾਕਾ ਤੋਂ ਵਿਸ਼ੇਸ਼ ਮੁਹਾਰਤ ਹਾਸਲ ਕੀਤੀ। ਆਪ ਆਪਣੀ ਮਿਹਨਤ ਤੇ ਯੋਗਤਾ ਸਦਕਾ



ਲਗਾਤਾਰ ਤਰੱਕੀ ਕਰਦਿਆਂ ਸੰਨ 2016 ਵਿੱਚ ਲੈਫ. ਜਨਰਲ ਦੇ ਉੱਚ ਅਹੁਦੇ 'ਤੇ ਬਿਰਾਜਮਾਨ ਹੋ ਗਏ। ਆਪ ਇਸ ਦੌਰਾਨ ਬ੍ਰਗੇਡ ਮੇਜਰ ਆਫ ਇਨਫੈਂਟਰੀ, ਜਨਰਲ ਸਟਾਫ ਆਫੀਸਰ(ਉਪਰੇਸ਼ਨਜ਼) ਆਫ ਇਨਫੈਂਟਰੀ ਡਵਿਜ਼ਨ, ਡਾਇਰੈਕਟਰ ਆਫ ਮਿਲਟਰੀ ਉਪਰੇਸ਼ਨਜ਼ ਐਟ ਆਰਮੀ ਹੈਡਕੁਆਰਟਰ ਅਤੇ ਡਾਇਰੈਕਰਟ ਜਨਰਲ ਮੈਨਪਾਵਰ ਪਲੈਨਿੰਗ ਐਂਡ ਪਰਸੋਨਲ ਸਰਵਿਸਸ ਜਿਹੇ ਅਤਿ ਜ਼ਿੰਮੇਵਾਰੀ ਦੇ ਅਹੁਦਿਆਂ 'ਤੇ ਤਾਇਨਾਤ ਹੋਏ। ਆਪ ਨੇ ਨੈਸ਼ਨਲ ਡਿਫੈਂਸ ਕਾਲਜ ਵਿੱਚ ਸੀਨੀਅਰ ਡਾਇਰੈਕਟਿੰਗ ਸਟਾਫ ਅਤੇ ਨੈਸ਼ਨਲ ਸਕਿਊਰਟੀ ਗਾਰਡਜ਼ ਟਰੇਨਿੰਗ ਸੈਂਟਰ ਵਿੱਚ ਇੰਸਟਰਕਰ ਜਿਹੇ ਸਿਖਲਾਈ ਕੇਂਦਰਾਂ ਵਿੱਚ ਵੀ ਆਪਣੀ ਯੋਗਤਾ ਦਾ ਸਿੱਕਾ ਜਮਾਇਆ।

ਸ਼੍ਰੀ ਸੈਣੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਯੂ.ਐਨ.ਓ. ਵਲੋਂ ਇਰਾਕ- ਕੁਵੈਤ ਮਿਸ਼ਨ ਸਮੇਂ ਡਿਪਟੀ ਚੀਫ ਮਿਲਟਰੀ ਪਰਸੋਨਲ ਆਫੀਸਰ, ਮੰਗੋਲੀਆ ਵਿੱਚ ਗਲੋਬਲ ਪੀਸਕੀਪਿੰਗ ਮਿਸ਼ਨ ਅਤੇ ਅਸਟ੍ਰੇਲੀਆ ਵਿੱਚ ਅਤਿਵਾਦ ਵਿਰੋਧੀ ਮਿਲਟਰੀ ਉਪਰੇਸ਼ਨਾਂ ਵਿੱਚ ਆਪਣੀ ਲਿਆਕਤ ਦੇ ਜੌਹਰ ਦਿਖਾਏ। ਇਨ੍ਹਾਂ ਸੇਵਾਵਾਂ ਬਦਲੇ ਭਾਰਤ ਸਰਕਾਰ ਨੇ ਆਪ ਨੂੰ ਵਸ਼ਿਸ਼ਟ ਸੇਵਾ ਮੈਡਲ ਅਤੇ ਯੁੱਧ ਸੇਵਾ ਮੈਡਲ

ਬਾਕੀ ਪੰਨਾ 32 'ਤੇ .....



ਕਹਾਣੀ

## ਨਾ ਭਾਈ ਨਾ....

**ਈਸ਼ਰ ਸਿੰਘ**
ਥਲੀ ਕਲਾਂ

" ਨਾ ਭਾਈ ਨਾ ....ਮੇਰਾ ਧਰਮ ਨਾ ਹਿਲਾ....ਮੈਂ ਨਰਕਾਂ ਦਾ ਭਾਗੀ ਨਹੀਂ ਬਣਨਾ..." ਸ਼ਾਹ ਦੇ ਇਹ ਬੋਲ ਸੁਣ ਕੇ ਆਰਤੀ ਦੇ ਹੋਸ਼ ਗੁੰਮ ਹੋ ਗਏ। ਉਹ ਆਪਣੇ ਆਪ ਨੂੰ ਬਹੁਤ ਵੱਡਾ ਧਰਮਾਤਮਾ ਸਮਝਦੀ ਸੀ। ਪਰ ਉਸ ਨੂੰ ਹੁਣ ਪਤਾ ਲੱਗਾ ਕਿ ਉਹ ਸ਼ਾਹ ਦੇ ਚਰਨਾਂ ਦੀ ਧੂੜ ਦੇ ਬਰਾਬਰ ਵੀ ਨਹੀਂ।

ਉਸ ਨੂੰ ਉਹ ਸਮਾਂ ਯਾਦ ਆਇਆ, ਜਦੋਂ ਉਹ ਕਿਸੇ ਦੁਕਾਨ ਤੋਂ ਆਪਣੇ ਪਤੀ ਨਾਲ ਆਪਣੀ ਧੀ ਦੀ ਸ਼ਾਦੀ ਲਈ ਖਰੀਦੋ-ਫਰੋਖਤ ਕਰਨ ਲਈ ਆਈ ਸੀ। ਵੀਹ ਸਾਲ ਹੋ ਗਏ ਹਨ। ਖੂਬ ਖੁਲ੍ਹੇ ਦਿਲ ਨਾਲ ਉਸ ਦੇ ਪਤੀ ਨੇ ਆਪਣੀ ਇਕਲੌਤੀ ਧੀ ਵਾਸਤੇ ਇੱਛਾ ਅਨੁਸਾਰ ਵੱਖ-ਵੱਖ ਚੀਜ਼ਾਂ ਖਰੀਦੀਆਂ ਸਨ। ਕੁੱਲ ਰਕਮ 75300 ਰੁਪਏ ਬਣੀ ਸੀ, ਮੌਕੇ 'ਤੇ 55300 ਰੁਪਏ ਅਦਾ ਕਰ ਕੇ ਉਸ ਨੇ ਸ਼ਾਹ ਨੂੰ ਕਿਹਾ ਕਿ ਉਹ ਆਪਣੀ ਨੂੰ ਵਿਦਾ ਕਰ ਕੇ ਦੋ ਹਫਤੇ ਦੇ ਅੰਦਰ ਅੰਦਰ ਬਾਕੀ ਦੀ ਰਕਮ ਅਦਾ ਕਰ ਦੇਵੇਗਾ। ਦੋਵੇਂ ਜੀਅ ਖੁਸ਼ੀ ਖੁਸ਼ੀ ਘਰ ਨੂੰ ਪਰਤ ਆਏ ਅਤੇ ਧੀ ਦੇ ਵਿਆਹ ਦੀਆਂ ਤਿਆਰੀਆਂ ਕਰਨ ਵਿੱਚ ਰੁੱਝ ਗਏ।

ਆਖਰ ਸੁਭਾਗਾ ਦਿਨ ਆ ਹੀ ਗਿਆ। ਪ੍ਰਭੂ ਦੀ ਕ੍ਰਿਪਾ ਨਾਲ ਸਾਰੀਆਂ ਰਸਮਾਂ ਨੇਪਰੇ ਚੜ੍ਹ ਗਈਆਂ ਅਤੇ ਲੜਕੀ ਸ਼ਗਨਾਂ ਨਾਲ ਵਿਦਾ ਹੋ ਗਈ। ਰਿਸ਼ਤੇਦਾਰ ਵੀ ਆਪੋ-ਆਪਣੇ ਘਰਾਂ ਨੂੰ ਕੂਚ ਕਰ ਗਏ। ਦੂਜੇ ਦਿਨ ਲੜਕੇ ਵਾਲੇ ਮਿਲਣੀ ਲਈ ਆਏ। ਖੂਬ ਸੇਵਾ ਕੀਤੀ। ਆਰਤੀ ਅਤੇ ਉਸ ਦਾ ਪਤੀ ਖੁਸ਼ ਸਨ ਕਿ ਉਨ੍ਹਾਂ ਦਾ ਜਵਾਈ ਬਾ-ਰੁਜ਼ਗਾਰ ਅਤੇ ਬਹੁਤ ਹੀ ਸੁੰਦਰ ਸੀ। ਤੀਜੇ ਦਿਨ ਉਨ੍ਹਾਂ ਨੇ ਲੜਕੀ ਦੇ ਸਹੁਰਿਆਂ ਘਰ ਫੇਰਾ ਪਾਉਣਾ ਸੀ। ਉਹ ਸਵੇਰੇ ਨਹਾ ਧੋ ਕੇ ਨਾਸ਼ਤਾ ਕਰ ਰਹੇ ਸਨ ਕਿ ਅਚਾਨਕ ਆਰਤੀ ਦੇ ਪਤੀ ਦੀ ਛਾਤੀ ਵਿੱਚ ਕਹਿਰਾਂ ਦਾ ਦਰਦ ਉੱਠਿਆ ਅਤੇ ਨਾਲ ਹੀ ਖੂਨ ਦੀ ਉਲਟੀ ਆਈ। ਬੱਸ ਉਹ ਥਾਏਂ ਢੇਰ ਹੋ ਗਿਆ। ਆਰਤੀ ਤਾਂ ਸਮਝ ਵੀ ਨਾ ਸਕੀ ਕਿ ਹੋਇਆ ਕੀ ਹੈ? ਆਰਤੀ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਉਹ ਤਾਂ ਖਤਮ ਹੀ ਹੋ ਜਾਂਦੀ ਜੇਕਰ ਉਸ ਦੀ ਧੀਅ ਦੇ ਸਹੁਰੇ ਚੰਗੇ ਨਾ ਹੁੰਦੇ। ਸਾਰੀ ਜ਼ਮੀਨ ਬੰਜਰ ਬਣ ਗਈ ਕਿਉਂਕਿ ਕੋਈ ਸਾਂਭ-ਸੰਭਾਲ ਕਰਨ ਵਾਲਾ ਨਹੀਂ ਰਿਹਾ ਸੀ।

ਰੱਬ ਦੀ ਕਰਨੀ, ਹਿਮਾਚਲ ਪ੍ਰਦੇਸ਼ ਵਿੱਚ ਕੇਂਦਰ ਸਰਕਾਰ ਦੀਆਂ ਛੋਟਾਂ ਕਾਰਨ ਫੈਕਟਰੀਆਂ ਧੜਾ-ਧੜ ਲੱਗਣੀਆਂ ਸ਼ੁਰੂ ਹੋ ਗਈਆਂ। ਆਰਤੀ ਦੀ ਜ਼ਮੀਨ ਸੜਕ ਦੇ ਸਿਰੇ 'ਤੇ ਹੋਣ ਕਰਕੇ ਯਮੁਨਾਨਗਰ ਦੇ ਇੱਕ ਉਦਯੋਗਪਤੀ ਦੀ ਨਿਗਾਹ ਚੜ੍ਹ ਗਈ। ਉਸ ਨੇ ਸਾਰੀ ਜ਼ਮੀਨ ਬਹੁਤ ਹੀ ਮਹਿੰਗੇ ਭਾਅ ਖਰੀਦ ਲਈ। ਆਰਤੀ ਇਸ ਦੇ 90 ਲੱਖ ਰੁਪਏ ਨਾਲ ਮਾਲਾਮਾਲ ਹੋ ਗਈ। ਉਸ ਨੇ ਸਭ ਤੋਂ ਪਹਿਲਾਂ ਸ਼ਾਹ ਦਾ ਕਰਜ਼ਾ ਉਤਾਰਨ ਬਾਰੇ ਸੋਚਿਆ। ਜਦੋਂ ਉਹ ਆਪਣੇ ਪੈਸੇ ਬੈਂਕ ਵਿੱਚ ਕਰਾਉਣ ਗਈ ਤਾਂ ਮੈਨੇਜਰ ਨੂੰ ਪੁੱਛਿਆ ਕਿ 20 ਸਾਲਾਂ ਵਿੱਚ 20 ਹਜ਼ਾਰ ਰੁਪਏ ਵਿਆਜ ਸਮੇਤ ਕਿੰਨੇ ਬਣ ਜਾਣਗੇ? ਮੈਨੇਜਰ ਨੇ ਝੱਟ ਬੈਂਕ ਦਰਾਂ 'ਤੇ ਵਿਆਜ ਦਾ ਹਿਸਾਬ ਲਾ ਕੇ ਦੱਸਿਆ ਕਿ ਕੁੱਲ ਮੋੜਨਯੋਗ ਰਕਮ 61000 ਰੁਪਏ ਬਣੇਗੀ। ਇਸ ਹਿਸਾਬ ਨਾਲ ਆਰਤੀ ਨੇ ਲੱਖ ਕੁ ਰੁਪਿਆ ਆਪਣੇ ਪਾਸ ਰੱਖ ਕੇ ਬਾਕੀ ਰਕਮ ਬੈਂਕ ਵਿੱਚ ਜਮ੍ਹਾਂ ਕਰਵਾ ਦਿੱਤੀ।

ਆਰਤੀ ਧਰਤੀ ਨੂੰ ਨਮਸਕਾਰ ਕਰਦੀ ਹੋਈ ਆਪਣੇ ਜਵਾਈ ਨੂੰ ਨਾਲ ਲੈ ਕੇ ਸ਼ਾਹ ਦੀ ਦੁਕਾਨ 'ਤੇ ਜਾ ਪੁੱਜੀ। ਸ਼ਾਹ ਗਾਹਕਾਂ ਵਿੱਚ ਰੁੱਝਿਆ ਹੋਇਆ ਸੀ। ਉਹ ਕੁੱਝ ਦੇਰ ਚੁੱਪ ਕਰ ਕੇ ਬੈਠੇ ਰਹੇ। ਜਦੋਂ ਸ਼ਾਹ ਕੁੱਝ ਵਿਹਲਾ ਹੋਇਆ ਤਾਂ ਉਸ ਨੇ ਪੁੱਛਿਆ, " ਬੀਬੀ ਤੂੰ ਵੀ ਦੱਸ ਕੀ ਲੈਣਾ ਹੈ?" ਆਰਤੀ ਦੋਵੇਂ ਹੱਥ ਜੋੜ ਕੇ ਖੜ੍ਹੀ ਹੋ ਗਈ ਅਤੇ ਕਿਹਾ, " ਸ਼ਾਹ ਜੀ! ਤੁਸੀਂ ਮੈਨੂੰ ਪਛਾਣਿਆ ਨਹੀਂ, ਮੈਂ ਤੁਹਾਡੀ ਅਮਾਨਤ ਲੈ ਕੇ ਆਈ ਹਾਂ....., ਇਸ ਨੂੰ ਸਾਂਭੋ"। "ਕਿਹੜੀ ਅਮਾਨਤ?" ਸ਼ਾਹ ਨੇ ਹੈਰਾਨੀ ਨਾਲ ਪੁੱਛਿਆ। " ਮੈਂ ਉਹੀ ਹਾਂ, ਜਿਹੜੀ ਵੀਹ ਸਾਲ ਪਹਿਲਾਂ ਆਪਣੀ ਧੀਅ ਦੀ ਸ਼ਾਦੀ ਲਈ ਆਪਣੇ ਪਤੀ ਨਾਲ ਤੁਹਾਡੀ ਦੁਕਾਨ ਤੋਂ ਸਾਮਾਨ ਖਰੀਦ ਕੇ ਲੈ ਗਈ ਸੀ ਅਤੇ 20 ਹਜ਼ਾਰ ਰੁਪਏ ਦਾ ਉਧਾਰ ਕਰ ਗਈ ਸੀ। ਤੀਜੇ ਦਿਨ ਮੇਰੇ ਪਤੀ ਨੂੰ ਹਾਰਟ ਅਟੈਕ ਹੋ ਗਿਆ ਸੀ ਅਤੇ ਮੈਂ ਉੱਜੜ ਗਈ ਸੀ। ਇਸ ਲਈ ਵਾਅਦੇ ਅਨੁਸਾਰ ਉਧਾਰ ਦੇ ਪੈਸੇ ਵਾਪਸ ਨਹੀਂ ਕਰ ਸਕੀ ਸੀ"। ਇਹ ਕਹਿ ਕੇ ਆਰਤੀ ਨੇ 61 ਹਜ਼ਾਰ ਦੇ ਨੋਟਾਂ ਦਾ ਥੱਬਾ ਸ਼ਾਹ ਵੱਲ ਵਧਾਇਆ। ਸ਼ਾਹ ਨੇ ਨੋਟਾਂ ਦੀ ਗਿਣਤੀ ਕੀਤੀ ਅਤੇ ਕਿਹਾ, " ਬੀਬੀ, ਮੇਰਾ ਤਾਂ ਵੀਹ ਹਜ਼ਾਰ ਹੀ ਖੜ੍ਹਾ ਹੈ....। ਦੁਖਾਂ ਮਾਰੇ ਲੋਕਾਂ ਤੋਂ ਵਿਆਜ ਲੈ ਕੇ ਮੈਂ ਨਰਕਾਂ ਵਿੱਚ ਨਹੀਂ ਸੜਨਾ,....ਲੈ ਬਾਕੀ ਫੜ"। ਆਰਤੀ ਨੇ ਸ਼ਾਹ ਦੇ ਅਹਿਸਾਨ ਨਾਲ ਅੱਖਾਂ ਵਿੱਚ ਅੱਥਰੂ ਭਰ ਕੇ ਬਥੇਰੀਆਂ ਮਿੰਨਤਾਂ ਕੀਤੀਆਂ। ਪਰ ਸ਼ਾਹ ਆਪਣੀ ਗੱਲ 'ਤੇ ਅੜਿਆ ਰਿਹਾ। ਆਖਰ ਸ਼ਾਹ ਨੇ ਦੋ ਟੁੱਕ ਗੱਲ ਸੁਣਾ ਦਿੱਤੀ, " ਨਾ ਭਾਈ ਨਾ... ਤੂੰ ਮੇਰਾ ਧਰਮ ਨਾ ਹਿਲਾ....."।

### ਬੇਨਤੀ

- **ਸੈਣੀ ਭਵਨ ਦੇ ਆਜੀਵਨ ਮੈਂਬਰ ਬਣੋ – ਫੀਸ 2500 ਰੁ:**
- **ਸੈਣੀ ਸੰਸਾਰ ਮੈਗਜ਼ੀਨ ਦੇ ਮੈਂਬਰ ਬਣੋ –**
  **ਸਾਲਾਨਾ ਚੰਦਾ – 100 ਰੁ: ਪੰਜ ਸਾਲਾ ਚੰਦਾ – 500 ਰੁ:**
- **ਸੈਣੀ ਸੰਸਾਰ ਮੈਗਜ਼ੀਨ ਲਈ ਮੈਟਰੀਮੋਨੀਅਲ ਭੇਜੋ।**
- **ਸੈਣੀ ਸੰਸਾਰ ਮੈਗਜ਼ੀਨ ਲਈ ਰਚਨਾਵਾਂ ਭੇਜੋ**



# ਵਿਦਾਇਗੀ

ਅਜਮੇਰ ਸਿੰਘ (ਡਾ.)
ਸੈਣੀ ਭਵਨ ਰੂਪਨਗਰ

ਪਿਛਲੇ ਸਾਲ ਭਰ ਗਰਮੀਆਂ ਵਿੱਚ ਅਮਰੀਕਾ ਰਹਿੰਦੀ ਸਾਡੀ ਬੇਟੀ ਆਪਣੇ ਦੋ ਬੱਚਿਆਂ, ਸਾਢੇ ਕੁ ਗਿਆਰਾਂ ਸਾਲ ਦੀ ਧੀ ਅਤੇ ਚਾਰ ਕੁ ਸਾਲ ਦੇ ਬੇਟੇ ਨਾਲ ਦੋ ਮਹੀਨੇ ਸਾਡੇ ਪਾਸ ਰਹਿ ਕੇ ਗਈ। ਆਮ ਤੌਰ 'ਤੇ ਸੁੰਨਮਸਾਨ ਰਹਿੰਦੇ ਘਰ ਵਿੱਚ ਬੜੀਆਂ ਰੌਣਕਾਂ ਰਹੀਆਂ। ਆਖਿਰ ਜਾਣਾ ਹੀ ਸੀ, ਪ੍ਰਾਹੁਣੇ ਜੋ ਸਨ। ਚਲੇ ਗਏ। ਕੁੱਝ ਦਿਨਾਂ ਬਾਅਦ ਇੱਕ ਹੱਥੀਂ ਬਣਾਇਆ ਰੰਗਦਾਰ ਕਾਰਡ ਸਾਡੀ ਨਜ਼ਰੀਂ ਪਿਆ। ਉਸ 'ਤੇ ਲਿਖਿਆ ਸੀ,

**" Before We Go,.....**
**There is one thing,**
**You should definitely know.....**
**We are so lucky**
**To have people that**
**Make saying ' Good Bye'**
**So Hard"**

All our Love
Arja Singh, Anad Singh, Rosy

ਇਸ ਪਿਆਰ ਸੁਨੇਹੇ ਨੂੰ ਪੜ੍ਹ ਕੇ ਮਨ ਉਬਾਲੇ ਖਾਣ ਲੱਗਾ ਤਾਂ ਆਪਮੁਹਾਰੇ ਦਿਲੀ ਭਾਵਨਾਵਾਂ ਕਾਗਜ਼ 'ਤੇ ਉਕਰੀਆਂ ਗਈਆਂ–

ਅਸੀਂ ਪੜ੍ਹ ਲਿਆ ਹੈ,
ਤੁਹਾਡਾ
ਹੱਥ-ਲਿਖਤ ਪਿਆਰ-ਸੁਨੇਹਾ।
ਅਤਿ ਦੀ ਵਿਦਵਤਾ ਤੇ ਦਰਦ ਹੈ,
ਇਸ ਵਿੱਚ।
ਅਸੀਂ ਕੋਸ਼ਿਸ਼ ਕਰਾਂਗੇ,
ਇਸ ਵਿਸ਼ਵਾਸ ਨੂੰ
ਬਰਕਰਾਰ ਰੱਖਣ ਦੀ।
ਅਸੀਂ ਸਮਝ ਲਿਆ ਹੈ,
ਤੁਹਾਡੇ
ਮਿੱਠੇ ਮਿਹਣਿਆਂ ਤੇ ਨੇਕ ਸਲਾਹਾਂ ਨੂੰ।
ਅਤਿ ਦੀ ਅਪਣੱਤ ਸੀ,
ਇਨ੍ਹਾਂ ਵਿੱਚ।
ਅਸੀਂ ਕੋਸ਼ਿਸ਼ ਕਰਾਂਗੇ,
ਇਨ੍ਹਾਂ ਨੂੰ
ਅਮਲਾਂ ਵਿੱਚ ਲਿਆਉਣ ਦੀ।

ਅਸੀਂ ਹੁਣ ਤਰਸਦੇ ਹਾਂ,
ਤੁਹਾਡੀਆਂ
'ਚੀਕਾਂ' ਤੇ ਹਾਸਿਆਂ ਨੂੰ
ਅਤਿ ਦਾ ਸਕੂਨ ਸੀ
ਇਨ੍ਹਾਂ ਵਿੱਚ।
ਅਸੀਂ ਕੋਸ਼ਿਸ਼ ਕਰਾਂਗੇ,
ਇਨ੍ਹਾਂ ਨੂੰ
ਸੁਪਨਿਆਂ ਵਿੱਚ ਮਾਨਣ ਦੀ।
ਅਸੀਂ ਸਾਂਭ ਲਿਆ ਹੈ,
ਤੁਹਾਡੇ
ਕੈਰਨ ਬੋਰਡ ਤੇ ਚਿੜੀ ਛਿੱਕਿਆਂ ਨੂੰ।
ਇਸ ਆਸ ਨਾਲ,
ਕਿ
ਮੁੜ ਕਦੇ
ਫੇਰਾ ਪਏਗਾ
ਪ੍ਰਵਾਸੀ ਪੰਛੀਆਂ ਦਾ।
ਅਸੀਂ ਜਾਣ ਗਏ ਹਾਂ,
ਕੁਦਰਤ ਦੇ
ਸੰਯੋਗ-ਵਿਯੋਗ ਨਿਯਮ ਨੂੰ।
ਇਹ ਅਹਿਮ ਹੈ,
ਜ਼ਿੰਦਗੀ ਦੀ ਖੇਡ ਲਈ।
ਅਸੀਂ ਮਾਣਿਆਂ ਹੈ,
ਤੁਹਾਡੇ ਨਾਲ
ਦੋ ਮਾਹ ਦੇ
ਹਰ ਪਲ ਨੂੰ
ਕਿਸੇ ਜਸ਼ਨ ਦੀ ਤਰ੍ਹਾਂ।
ਅਸੀਂ ਅਰਦਾਸ ਕਰਦੇ ਹਾਂ,
ਗੁਰੂ ਅੱਗੇ
ਤੁਹਾਡੀ
ਤੰਦਰੁਸਤੀ, ਖੁਸ਼ੀ ਤੇ ਤਰੱਕੀ ਲਈ।
ਇੱਕ ਸੱਚੇ ਸਿੱਖ ਦੀ ਤਰ੍ਹਾਂ।

❊ ❊ ❊ ❊ ❊

ਬਥੇਰਾ ਕੂੜ ਪਸਾਰਾ ਹੈ,
ਅਜੇ ਤਾਂ ਦੂਰ ਕਿਨਾਰਾ ਹੈ।
ਵੇ ਰਾਹੀਆ ਥੱਕ ਨਹੀਂ ਜਾਣਾ,
ਵੇ ਅੜਿਆ ਅੱਕ ਨਹੀਂ ਜਾਣਾ,
ਅਜੇ ਤਾਂ ਪੰਧ ਲਮੇਰਾ ਹੈ।
ਮਸ਼ਾਲਾਂ ਬਾਲ ਕੇ ਚੱਲਣਾ,
ਜਦੋਂ ਤੱਕ ਰਾਤ ਬਾਕੀ ਹੈ।

ਸ਼ਰਧਾਂਜਲੀ

# ਕਲਮਾਂ ਦੇ ਧਨੀਆਂ ਦਾ ਵਿਛੋੜਾ

ਦੇਵਿੰਦਰ ਸਿੰਘ ਜਟਾਣਾ
98760-62736



ਨਵੇਂ ਸਾਲ, 2020 ਦੇ ਚੜ੍ਹਦਿਆਂ ਹੀ ਮੌਤ ਨੇ ਪੰਜਾਬੀ ਦੇ ਤਿੰਨ ਮਹਾਂਰਥੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਇਹ ਸਨ-ਜੁਝਾਰੂ ਨਾਵਲਕਾਰ ਜਸਵੰਤ ਸਿੰਘ ਕੰਵਲ, ਪੰਜਾਬੀ ਗਲਪ ਦੀ ਵੱਡੀ ਬੇਬੇ ਦਲੀਪ ਕੌਰ ਟਿਵਾਣਾ ਅਤੇ ਵਿਗਿਆਨੀ ਲੇਖਕ ਸੁਰਜੀਤ ਸਿੰਘ ਢਿੱਲੋਂ। ਅਦਾਰਾ 'ਸੈਣੀ ਸੰਸਾਰ' ਇਨ੍ਹਾਂ ਮਹਾਨ ਲੇਖਕਾਂ ਨੂੰ ਹੰਝੂਆਂਭਰੀ ਸ਼ਰਧਾਜਲੀ ਅਰਪਣ ਕਰਦਾ ਹੈ।

## ਸਿਰਮੌਰ ਨਾਵਲਕਾਰ
## ਜਸਵੰਤ ਸਿੰਘ ਕੰਵਲ ਨਾਲ ਆਖਰੀ ਮਿਲਣੀ

ਦੇਵਿੰਦਰ ਸਿੰਘ ਜਟਾਣਾ, 9876062736

'ਚੱਲ ਮੇਲਾ ਦੇਖਣ ਚੱਲੀਏ....ਚੱਲਣਾ...?' ਅੱਗੋਂ ਮੱਧਮ ਜਿਹੀ ਆਵਾਜ਼ ਵਿੱਚ ਜਵਾਬ ਮਿਲਿਆ, ' ਹਾਂਅ....'। ਪ੍ਰਿੰਸੀਪਲ ਸਰਵਣ ਸਿੰਘ ਦੇ ਇਹ ਸ਼ਬਦ ਜਸਵੰਤ ਸਿੰਘ ਨੂੰ ਉਹ ਦੇ ਪਿੰਡ ਢੁਡੀਕੇ ਵਿਚਲੇ ਬੇਹੱਦ ਸਲੀਕੇ ਨਾਲ ਸਾਂਭੇ ਘਰ ਵਿੱਚ ਉਹ ਦੇ ਸਦੀਵੀ ਵਿਛੋੜਾ ਦੇ ਜਾਣ ਤੋਂ ਤਿੰਨ ਚਾਰ ਦਿਨ ਪਹਿਲਾਂ ਸੌ ਵਰ੍ਹਿਆਂ ਤੋਂ ਟੱਪੇ ਕੰਵਲ ਦਾ ਹਾਲ ਚਾਲ ਜਾਨਣ ਲਈ ਗਇਆਂ ਵੇਲੇ ਦੇ ਸਨ।



ਢੁਡੀਕੇ ਮੇਲੇ ਵਿੱਚ ਰੋਇੰਗ ਏਸ਼ੀਆ ਗੋਲਡ ਮੈਡਲਿਸਟ ਜਸਵੀਰ ਗਿੱਲ ਦੇ ਸੱਦੇ 'ਤੇ ਮੈਂ ਉੱਥੇ ਗਿਆ ਸਾਂ। ਘਰੋਂ ਤੁਰਨ ਵੇਲੇ ਤੋਂ ਹੀ ਇਹ ਪੱਕਾ ਮਨ ਸੀ ਕੰਵਲ ਹੁਰਾਂ ਦੇ ਘਰ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਨ ਦਾ, ਮੇਲਾ ਤਾਂ ਇੱਕ ਬਹਾਨਾ ਸੀ। ਕੰਵਲ ਜੋ ਮੇਰੇ ਹੀ ਨਹੀਂ ਸਾਡੇ ਸਮਿਆਂ ਦੇ ਖਾਸ ਤੌਰ 'ਤੇ ਹਰ ਪੰਜਾਬੀ ਦੇ ਆਦਰਸ਼ਕ ਲਿਖਾਰੀ ਤੇ ਇਨਸਾਨ ਸਨ। ਉਹ ਪੰਜਾਬ, ਪੰਜਾਬੀਅਤ, ਇੱਥੋਂ ਦੀ ਮਲਵਈ ਜੀਵਨ ਸ਼ੈਲੀ, ਨਹਿਰਾਂ, ਕੱਸੀਆਂ, ਖੇਤ, ਪਗਡੰਡੀਆਂ.....ਮੌਸਮੀ ਤਬਦੀਲੀਆਂ ਤੇ ਆਬੋ ਹਵਾ ਦੇ ਗਵਾਹ ਸਨ। ਉਨ੍ਹਾਂ ਦੇ ਸ਼ਬਦਾਂ-ਬੋਲਾਂ ਤੇ ਲੇਖਣੀ ਵਿੱਚ ਪੰਜਾਬ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਤਾਣੇ ਬਾਣੇ ਵਿੱਚ ਇਨਕਲਾਬੀ ਤਬਦੀਲੀ ਦੀ ਤਾਂਘ ਕੁੱਟ ਕੁੱਟ ਕੇ ਭਰੀ ਪਈ ਸੀ। ਸਮਾਜਿਕ ਜਬਰ ਸਹਿੰਦੀ ਉਹਨਾਂ ਦੀ ਔਰਤ ਪਾਤਰ ਦੇ ਅੰਦਰ ਦੀ ਹਾਲਤ ਦਾ ਸ਼ਾਨਦਾਰ ਚਿਤਰਣ ਕਰਨਾ, ਉਹ ਦੇ ਅੰਦਰਲੀ ਸੂਝ ਦੀ ਪਰਪੱਕਤਾ, ਹਾਵ ਭਾਵ, ਸਮਾਜਿਕ ਜਬਰ ਨਾਲ ਟੱਕਰ ਲੈਣ ਦੀ ਸਮਰਥਾ, ਮੁਹੱਬਤ ਪ੍ਰਤਿ ਪ੍ਰਤੀਬੱਧਤਾ ਨੂੰ ਉਹ ਬਾਖੂਬੀ ਚਿੱਤਰਦੇ ਸਨ। ਉਹਨਾਂ ਦੇ ਨਾਵਲ 'ਰੂਪ ਧਾਰਾ' ਵਿੱਚ ਮੁੱਖ ਪਾਤਰ ਜਗਰੂਪ ਦੇ ਮੂੰਹੋਂ ਇਹ ਸ਼ਬਦ ਕਹਾਉਣੇ ਇੱਕ ਮਿਸਾਲ ਹੈ।' ਭੈਣੋਂ ਸਾਡੀ ਕਿਸੇ ਕਾਨੂੰਨ ਨੇ ਉਨਾਂ ਚਿਰ ਮਦਦ ਨਹੀਂ ਕਰਨੀ ਜਿੰਨਾਂ ਚਿਰ ਅਸੀਂ ਆਪ ਜਥੇਬੰਦ ਹੋ ਕੇ ਇਸ ਗੰਦੇ ਸਮਾਜ ਨਾਲ ਟੱਕਰ ਨਹੀਂ ਲੈਂਦੀਆਂ.... ਔਰਤ ਦਾ ਫਰਿਆਦ ਕਰਨਾ ਉਸ ਨੂੰ ਕਮਜ਼ੋਰ ਬਣਾਉਣਾ ਹੈ'।

ਕੰਵਲ ਜੀ ਦੇ ਜੀਵਨ ਵਿੱਚ ਮਾਰਕਸਵਾਦ, ਸਿੱਖ ਗੁਰੂਆਂ ਅਤੇ ਪੰਜਾਬੀ ਰਹਿਣੀ ਬਹਿਣੀ ਦਾ ਅਸਰ ਹੀ ਸੀ ਜਿਸ ਕਰ ਕੇ ਉਹਨਾਂ ਦੀਆਂ ਲਿਖਤਾਂ ਵਿੱਚ ਜਮਾਤੀ ਸੰਘਰਸ਼ ਦੀ ਸਮਝ ਮੁਢਲੇ ਸਮਿਆਂ ਵਿੱਚ ਹੀ ਪਰਪੱਕ ਹੋ ਗਈ ਸੀ। ਇੱਕ ਥਾਂ ਉਹਨਾਂ ਦੇ ਨਾਵਲ ਵਿਚਲਾ ਪਾਤਰ ਕਹਿੰਦਾ ਹੈ - 'ਸੁਣੋ! ਇਹ ਦੁਨੀਆਂ ਦੋਸਤਾਂ ਤੇ ਦੁਸ਼ਮਣਾ ਵਿੱਚ ਤਕਸੀਮ ਹੋਈ ਪਈ ਹੈ, ਜ਼ਾਲਮ ਮਜ਼ਲੂਮ ਵਿੱਚ ਖਹਿ ਰਹੀ ਹੈ, ਲੁਟੇਰੇ ਤੇ ਲੁੱਟੇ ਜਾਣ ਵਾਲੇ ਵਿਚਕਾਰ ਜੱਦੋਜਹਿਦ ਹੈ। ਸਾਡਾ ਵੀ ਕੋਈ ਤਬਕਾ ਹੈ ਦੋਸਤ ਦੁਸ਼ਮਣ ਦੀ ਪਛਾਣ ਕਰਦੇ ਕਿਤੇ ਭੁਲੇਖਾ ਨਾ ਖਾ ਜਾਈਏ'।

ਪਿੰਡ ਢੁਡੀਕੇ, ਜਿੱਥੇ ਪੰਜਾਬ ਦੀ ਰੂਹ ਦਾ ਹਾਣੀ ਜੂਨ 27, 1919 ਵਿੱਚ ਜਨਮਿਆਂ ਸੀ, ਜਿੱਥੇ ਲਾਲਾ ਲਾਜਪਤ ਰਾਏ ਆਪਣੇ ਨਾਨਕੀਂ ਪਿੰਡ ਜਨਮਿਆਂ ਮੌਲਿਆ ਸੀ, ਜਿੱਥੇ ਬਲਰਾਜ ਸਾਹਨੀ ਤੇ ਪਾਸ਼ ਦੀਆਂ ਪੈੜਾਂ ਸਨ, ਪੰਜਾਬ ਦੇ ਸਾਹਿਤਕ ਰਾਜਨੀਤਿਕ ਪਿੜ ਵਿੱਚ ਵਿਸ਼ੇਸ਼ ਸਥਾਨ ਰਖਦਾ ਹੈ।

1970ਵਿਆਂ ਵਿੱਚ ਕਾਲਜ ਸਿਲੇਬਸ ਵਿੱਚ ਕੰਵਲ ਦਾ ਨਾਵਲ, ਰੂਪਧਾਰਾ ਐਸਾ ਪੜ੍ਹਿਆ ਕਿ ਉਸ ਮਗਰੋਂ ਉਹਦੀਆਂ ਕਿਰਤਾਂ- ਰਾਤ ਬਾਕੀ ਹੈ, ਪੂਰਨਮਾਸ਼ੀ, ਸੱਚ ਨੂੰ ਫਾਂਸੀ, ਸਿਵਲ ਲਾਈਨਜ਼, ਭਵਾਨੀ, ਪਾਲੀ... ਆਦਿ ਦਾ ਸਫਰ ਤਹਿ ਕੀਤਾ। ਕੰਵਲ ਅੰਦਰਲੀ ਸਮਾਜੀ ਤੇ ਰਾਜਨੀਤਿਕ ਤਬਦੀਲੀ ਦੀ ਤੜਪ ਇਤਨੀ ਬੇਤਾਬ ਸੀ ਕਿ ਉਹ ਇੱਕ ਰਾਜਨੀਤਿਕ ਧਿਰ ਨਾਲ ਆਪਣੇ ਆਪ ਨੂੰ ਬੰਨ੍ਹ ਕੇ ਨਹੀਂ ਰੱਖ ਸਕਿਆ। ਉਹ ਨੇ ਨਕਸਲੀਆਂ ਤੇ ਸਿੱਖ ਨੌਜਵਾਨਾਂ ਨਾਲ ਖੜ੍ਹਨ ਵੇਲੇ ਭੋਰਾ ਝਿਜਕ ਨਹੀਂ ਦਿਖਾਈ। ਸ਼ਾਇਦ ਇਸੇ ਸੁਭਾਓ ਨੇ ਉਹ ਨੂੰ ਪੰਜਾਬੀਆਂ ਦਾ ਹਰਮਨਪਿਆਰਾ ਬਣਾਇਆ ਸੀ। ਨਾਵਲ ਦੀ ਦੁਨੀਆਂ ਵਿੱਚ ਉਹ ਦੀਆਂ ਲਿਖਤਾਂ ਨੇ ਸਿਖਰਲੀਆਂ ਪੌੜੀਆਂ ਨੂੰ ਛੋਹਿਆ। ਜੇ ਕਿਸੇ ਨੇ ਪੰਜਾਬ ਨੂੰ ਧੁਰ ਅੰਦਰ ਤੱਕ ਤੱਕਣਾ ਹੋਵੇ, ਇਹ ਦੀ ਤੜਪ ਤੇ ਤਬਦੀਲੀ ਦੀ ਤਾਂਘ ਨੂੰ ਜਾਨਣਾ ਹੋਵੇ, ਇੱਥੋਂ ਦੀ ਖੁਲ੍ਹਦਿਲੀ, ਵਿਸ਼ਾਲਤਾ ਅਤੇ ਆਪਾਵਾਰਨ ਦੇ ਸੁਭਾਅ ਨੂੰ ਤੱਕਣਾ ਹੋਵੇ ਇਹਦੀਆਂ ਲਿਖਤਾਂ ਵਿੱਚ ਝਾਕ

ਸਕਦਾ ਹੈ।

ਜਨਵਰੀ 2020 ਦੇ ਆਖਰੀ ਹਫਤੇ ਉਨ੍ਹਾਂ ਦੀ ਘਰ ਵਿਚਲੀ ਬੈਠਕ ਵਿੱਚ ਮੰਜੇ ਉੱਤੇ ਲੰਬਾ ਖੂਬਸੂਰਤ ਚਿਹਰਾ- ਬਣਿਆਂ ਸੰਵਰਿਆ ਲੇਟਿਆ ਸ਼ਾਇਦ ਦਲੀਪ ਕੌਰ ਟਿਵਾਣਾ ਨੂੰ ਕਹੇ ਬੋਲ ਪੁਗਾ ਰਿਹਾ ਸੀ, ' ਤੈਥੋਂ ਬਾਅਦ ਮਰੂੰ...'। ਇੱਕ ਪਾਸੇ ਪ੍ਰਿੰਸੀਪਲ ਸਰਵਣ ਸਿੰਘ ਦੂਜੇ ਪਾਸੇ ਮੈਂ ਤੇ ਬੇਕਰਜ਼ਫੀਲਡ ਵਾਲਾ ਡਾ. ਕੰਗ, ਉਹਨਾਂ ਦਾ ਸਪੁੱਤਰ ਸਰਬਜੀਤ ਸਿੰਘ ਤੇ ਬੇਹੱਦ ਸਲੀਕੇ ਤੇ ਸੇਵਾ ਦੀ ਪੁੰਜ ਉਹਨਾਂ ਦੀ ਨੂੰਹ ਉਹਨਾਂ ਦੀ ਸਿਹਤਯਾਬੀ ਦੀਆਂ ਗੱਲਾਂ ਸਾਂਝੀਆਂ ਕਰ ਦੇ ਰਹੇ। ਮੇਰੀ ਜ਼ਿੰਦਗੀ ਦੇ ਇਹ ਪਲ ਅਲੌਕਿਕ ਸਨ। ਸੋਚਿਆ ਵੀ ਨਹੀਂ ਸੀ ਕਿ ਤਿੰਨ ਚਾਰ ਦਿਨਾਂ ਬਾਅਦ ਹੀ ਪੰਜਾਬ ਦਾ ਇਹ ਸਿਰਮੌਰ ਨਾਵਲਕਾਰ ਲਿਖਾਰੀ ਇੱਕ ਯੁੱਗਪੁਰਸ਼ ਬਣ ਆਪਣੀ ਛਾਪ ਛੱਡ ਸੰਸਾਰ ਵਿੱਚੋਂ ਅਲੋਪ ਹੋ ਜਾਵੇਗਾ।

**ਦਲੀਪ ਕੌਰ ਟਿਵਾਣਾ–** ਪੰਜਾਬੀ ਗਲਪ ਦੀ ਵੱਡੀ ਬੇਬੇ, ਨਾਵਲਕਾਰ ਤੇ ਕਹਾਣੀਕਾਰ ਦਲੀਪ ਕੌਰ ਟਿਵਾਣਾ 31 ਜਨਵਰੀ, 2020 ਨੂੰ ਆਪਣੇ ਸਾਹਿਤ ਪ੍ਰੇਮੀਆਂ ਨੂੰ ਸਦੀਵੀ ਵਿਛੋੜਾ ਦੇ ਗਏ। 4 ਮਈ, 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਉੱਚੀ ਰੱਬੋਂ ਵਿਖੇ ਜਨਮੀ ਇਸ ਮਹਾਨ ਲੇਖਕਾ ਨੇ ਪਟਿਆਲਾ ਦੇ ਸਰਕਾਰੀ ਕਾਲਜ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ



ਵਿਸ਼ੇ ਵਿੱਚ ਡਾਕਟਰੇਟ ਕਰਨ ਉਪਰੰਤ ਇਥੇ ਹੀ ਪ੍ਰੋਫੈਸਰ ਦੀ ਨੌਕਰੀ ਹਾਸਲ ਕਰ ਲਈ। ਦਲੀਪ ਕੌਰ ਟਿਵਾਣਾ ਪੰਜਾਬੀ ਦੀ ਪਹਿਲੀ ਮਹਿਲਾ ਪ੍ਰੋਫੈਸਰ, ਵਿਭਾਗ ਦੀ ਪਹਿਲੀ ਮਹਿਲਾ ਮੁਖੀ ਅਤੇ ਪਹਿਲੀ ਮਹਿਲਾ ਡੀਨ ਭਾਸ਼ਾਵਾਂ ਬਣੇ। ਆਪ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਪੰਜਾਬ ਸਾਹਿਤ ਅਕੈਡਮੀ ਚੰਡੀਗੜ੍ਹ ਦੇ ਪ੍ਰਧਾਨ ਵੀ ਰਹੇ। ਉਹ ਜਿਉਂਦੀ ਜਾਗਦੀ ਆਮ ਦੇਸੀ ਪੇਂਡੂ ਮਲਵਈ ਪੰਜਾਬੀ ਬੋਲਦੇ ਸਨ। ਸਾਦ ਮੁਰਾਦੀ ਜ਼ਿੰਦਗੀ ਜਿਉਂਦੀ, ਧਰਤੀ ਨਾਲ ਜੁੜੀ ਹੋਈ ਲੇਖਕਾ ਬੁੱਧੀਜੀਵੀ ਸੀ। ਉਹ ਉਸ ਨਾਰੀ ਦੀ ਪ੍ਰਤਿਨਿਧਤਾ ਕਰਦੇ ਸਨ ਜਿਨ੍ਹਾਂ ਨੇ ਮਰਦ ਪ੍ਰਧਾਨ ਜਗੀਰੂ ਕਦਰਾਂ ਕੀਮਤਾਂ ਵਾਲੇ ਜੰਗਲ ਵਿੱਚ ਨਵੀਆਂ ਪਗਡੰਡੀਆਂ ਬਣਾਈਆਂ ਅਤੇ ਆਪ ਇਨ੍ਹਾਂ ਰਸਤਿਆਂ 'ਤੇ ਤੁਰੀਆਂ ਵੀ। ਉਨ੍ਹਾਂ ਦੀਆਂ ਰਚਨਾਵਾਂ ਔਰਤ ਮਨ ਦੀ ਥਾਹ ਪਾਉਂਦੀਆਂ, ਉਨ੍ਹਾਂ ਦੇ ਸੁਪਨਿਆਂ ਨੂੰ ਪ੍ਰਗਟ ਕਰਦੀਆਂ, ਇੱਕ ਨਵਾਂ ਰਾਹ ਦਰਸਾਉਂਦੀਆਂ ਸਨ। ਡਾ. ਦਲੀਪ ਕੌਰ ਟਿਵਾਣਾ ਨੇ 'ਇਹ ਹਮਾਰਾ ਜੀਵਣਾ', 'ਵਾਟ ਹਮਾਰੀ', 'ਲੰਘ ਗਏ ਦਰਿਆ', 'ਅਗਨੀ ਪ੍ਰੀਖਿਆ' ਜਿਹੇ ਬਹੁਚਰਚਿਤ ਨਾਵਲ ਅਤੇ ਸਵੈਜੀਵਨੀ, 'ਨੰਗੇ ਪੈਰਾਂ ਦਾ ਸਫਰ' ਲਿਖ ਕੇ ਨਾਮਣਾ ਖੱਟਿਆ। ਡਾ. ਟਿਵਾਣਾ ਨੇ 42 ਨਾਵਲ, 5 ਕਹਾਣੀ ਸੰਗ੍ਰਹਿ ਅਤੇ 4 ਸਵੈ-ਜੀਵਨੀ ਰੂਪੀ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ।

**ਡਾ. ਸੁਰਜੀਤ ਸਿੰਘ ਢਿੱਲੋਂ–** ਪੰਜਾਬੀ ਸੱਭਿਆਚਾਰ, ਭਾਸ਼ਾ ਅਤੇ ਵਿਗਿਆਨ ਦੇ ਖੇਤਰ ਵਿੱਚ ਕਾਰਜ ਕਰਨ ਵਾਲੇ ਡਾ. ਸੁਰਜੀਤ ਸਿੰਘ ਢਿੱਲੋਂ ਵੀ ਜਨਵਰੀ 2020 ਵਿੱਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਆਪ ਉਚੇਰੀ ਸਾਕਾਰਾਤਮਕ ਸੋਚ ਅਤੇ ਚੰਗੇਰੇ ਜੀਵਨ ਜਾਚ ਦਾ ਮਾਰਗ ਦਰਸਾਉਣ ਵਾਲੇ ਅਹਿਮ ਵਿਗਿਆਨੀ ਲੇਖਕ ਸਨ। ਬਰਨਾਲੇ ਜ਼ਿਲ੍ਹੇ ਵਿੱਚ 6 ਮਈ, 1932 ਨੂੰ ਪਿੰਡ ਟੱਲੇਵਾਲ ਵਿੱਚ ਜਨਮੇ ਡਾ. ਢਿੱਲੋਂ ਨੇ ਪੰਜਾਬੀ



ਯੂਨੀਵਰਸਿਟੀ ਤੋਂ ਜੋਆਲੋਜੀ ਵਿਸ਼ੇ ਦੀ ਪੀ.ਐਚ.ਡੀ ਕਰਨ ਉਪਰੰਤ ਇੱਥੇ ਹੀ ਆਪਣਾ ਅਧਿਆਪਨ ਕਾਰਜ ਸ਼ੁਰੂ ਕੀਤਾ ਅਤੇ ਸੇਵਾਮੁਕਤ ਹੋ ਕੇ ਇੱਥੇ ਹੀ ਪ੍ਰੋਫੈਸਰ ਆਫ ਐਮਰੇਟਸ ਨਿਯੁਕਤ ਹੋ ਗਏ। ਉਨ੍ਹਾਂ ਦਾ ਵਿਚਾਰ ਸੀ ਕਿ ਵਿਗਿਆਨ ਅਧਾਰਿਤ ਗਿਆਨ ਦਾ ਭੰਡਾਰ ਲੋਕਾਂ ਦੀ ਜੀਵਨ ਜਾਚ ਦਾ ਹਿੱਸਾ ਬਣਨਾ ਚਾਹੀਦਾ ਹੈ ਕਿਉਂਕਿ ਭਰਮ ਅਤੇ ਅੰਧਵਿਸ਼ਵਾਸ ਕਈ ਪਾਸਿਆਂ ਤੋਂ ਮਨੁੱਖਤਾ ਨੂੰ ਘੇਰ ਕੇ ਰੱਖ ਰਹੇ ਹਨ। ਇਨ੍ਹਾਂ ਤੋਂ ਨਿਜਾਤ ਦਿਵਾਉਣ ਲਈ ਵਿਗਿਆਨਕ ਦ੍ਰਿਸ਼ਟੀਕੋਨ ਲਈ ਸਮਝਦਾਰੀ ਅਪਨਾਉਣ ਲਈ ਵਿਗਿਆਨ ਸਾਹਿਤ ਨੂੰ ਉਨ੍ਹਾਂ ਦੀ ਜੀਵਨ-ਜਾਚ ਦਾ ਹਿੱਸਾ ਬਣਾਇਆ ਜਾਵੇ। ਆਪ ਨੇ 'ਜੀਵਨ ਦਾ ਵਿਕਾਸ' 'ਅਨੋਖੇ ਰਾਹਾਂ ਦੇ ਸਫਰ' 'ਮਨੁੱਖ ਵਿਗਿਆਨ ਦੇ ਝਰੋਖੇ 'ਚ' ਆਦਿ ਦਰਜਣਾ ਪੁਸਤਕਾਂ ਲਿਖੀਆਂ। ਆਪ 1996 ਤੋਂ 2011 ਤੱਕ ਵਿਗਿਆਨਿਕ ਪੱਤ੍ਰਿਕਾ, ' ਨਿਰੰਤਰ ਸੋਚ' ਦੇ ਸੰਪਾਦਕ ਵੀ ਰਹੇ।

* * * * *

## ਪ੍ਰਸ਼ਨੋਤਰੀ – 6 ਦੇ ਉੱਤਰ

| ਪ੍ਰਸ਼ਨ ਨੰ. | ਉੱਤਰ | ਪ੍ਰਸ਼ਨ ਨੰ. | ਉੱਤਰ |
|---|---|---|---|
| 1 | ੲ | 11 | ੲ |
| 2 | ਸ | 12 | ਸ |
| 3 | ੳ | 13 | ਅ |
| 4 | ਅ | 14 | ੳ |
| 5 | ਸ | 15 | ੲ |
| 6 | ੳ | 16 | ਅ |
| 7 | ਅ | 17 | ੲ |
| 8 | ੳ | 18 | ੳ |
| 9 | ੲ | 19 | ਸ |
| 10 | ਅ | 20 | ੲ |

ਐਥਲੀਟਾਂ ਦੇ ਐਥਲੀਟ

# ਸ. ਜੋਗਿੰਦਰ ਸਿੰਘ ਸੈਣੀ ਨੂੰ ਹੰਝੂਆਂ ਭਰੀ ਅਲਵਿਦਾ

ਡਾ. ਕੁਲਵੰਤ ਕੌਰ
ਪਟਿਆਲਾ



ਬੀਜਿੰਗ ਦੀਆਂ 11ਵੀਆਂ ਏਸ਼ਿਆਈ ਖੇਡਾਂ ਅਜੇ ਭਰ ਜੋਬਨ 'ਤੇ ਸਨ ਕਿ ਇੱਕ ਸਨਸਨੀਖੇਜ਼ ਖਬਰ ਆਈ,' ਮੁੱਖ ਕੋਚ ਸ. ਜੋਗਿੰਦਰ ਸਿੰਘ ਸੈਣੀ ਦਾ ਆਪਣੇ ਅਹੁਦੇ ਤੋਂ ਅਸਤੀਫਾ'। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਰਤੀ ਐਥਲੀਟਾਂ ਦੀ ਮਾੜੀ ਕਾਰਗੁਜ਼ਾਰੀ ਦੀ ਨੈਤਿਕ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲੈਂਦਿਆਂ ਇਹ ਦਲੇਰਾਨਾ ਅਤੇ ਸ਼ਲਾਘਾਯੋਗ ਕਦਮ ਚੁੱਕਣ ਵਾਲਾ ਸ਼ਖਸ ਸੀ, ਸ. ਜੋਗਿੰਦਰ ਸਿੰਘ ਸੈਣੀ। ਅਜਿਹੀ ਵਿਲੱਖਣ ਸਖਸ਼ੀਅਤ ਨਾਲ ਲੰਮੀ ਚੌੜੀ ਮੁਲਾਕਾਤ ਮੇਰਾ ਸੁਭਾਗ ਸੀ। ਸੁਭਾਸ਼ ਚੰਦਰ ਕੌਮੀ ਖੇਡ ਸੰਸਥਾ (ਐਨ.ਆਈ.ਐਸ.) ਪਟਿਆਲਾ ਦੀ ਸ਼ਾਹੀ ਇਮਾਰਤ ਦੇ ਇੱਕ ਖੂੰਜੇ ਬਣੀ ਰਿਹਾਇਸ਼ੀ ਕੋਠੀ। ਦਰਮਿਆਨਾ ਕੱਦ, ਗੱਠਿਆ ਜਿਸਮ,ਸੰਤੁਲਿਤ ਵਿਅਕਤਿਤਵ, ਸ਼ਰੀਫਾਨਾ ਅਦਾ ਅਤੇ ਪੁਰਖਲੂਸ, ਮਹਿਮਾਨਨਿਵਾਜ਼ ਰਵਈਆ ਮਿਲਦਿਆਂ ਹੀ ਮਨ ਨੂੰ ਭਾਅ ਗਿਆ। ਕਮਰੇ ਵਿੱਚ ਸਜੇ ਵਿਦੇਸ਼ੀ ਖੇਡ-ਤੋਹਫੇ, ਸੁੰਦਰ ਕੱਪ, ਪਲੇਟਾਂ, ਆਲੀਸ਼ਾਨ ਖੇਡ-ਚਿੰਨ੍ਹ ਮੂੰਹੋਂ ਬੋਲ ਰਹੇ ਸਨ ਕਿ ਇਹ ਘਰ ਇੱਕ ਨਾਮੀ ਖੇਡ ਸਖਸ਼ੀਅਤ ਦਾ ਹੈ।

ਪੰਜਾਬ ਦੇ ਹੁਸ਼ਿਆਰਪੁਰ ਦੇ ਹਰਿਆਣਾ ਕਸਬੇ ਵਿੱਚ ਜਨਵਰੀ, 1930 ਨੂੰ ਜਨਮੇ ਸ. ਜੋਗਿੰਦਰ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ.ਐਸ.ਸੀ. ਕਰ ਕੇ ਉੱਥੋਂ ਹੀ ਸਰੀਰਿਕ ਸਿੱਖਿਆ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਕੀਤਾ। ਇਸ ਤੋਂ ਬਾਅਦ ਆਪ ਨੇ ਪੱਛਮੀ ਜਰਮਨੀ ਦੀ ਮੈਨਜ਼ ਯੂਨੀਵਰਸਿਟੀ ਅਤੇ ਕਲੋਨ ਦੀ ਸਪੋਰਟਸ ਯੂਨੀਵਰਸਿਟੀ ਤੋਂ ਅਡਵਾਂਸ ਕੋਚਿੰਗ ਦੇ ਕੋਰਸ ਪਾਸ ਕੀਤੇ। ਆਪ 1954 ਵਿੱਚ ਸੁਭਾਸ਼ ਚੰਦਰ ਕੌਮੀ ਖੇਡ ਸੰਸਥਾ ਜਿਹੀ ਵੱਕਾਰੀ ਸੰਸਥਾ ਵਿੱਚ ਵਿੱਚ ਐਥਲੈਟਿਕਸ ਦੇ ਕੋਚ ਬਣੇ ਅਤੇ ਐਥਲੈਟਿਕਸ ਵਿਭਾਗ ਦੇ ਮੁਖੀ ਵਜੋਂ 1970 ਤੋਂ 1985 ਤੱਕ ਸਰਗਰਮ ਰਹਿ ਕੇ ਵੱਡੀ ਸਫਲਤਾ ਹਾਸਲ ਕੀਤੀ। ਆਪ ਨੇ 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਦੇ ਭਾਰਤੀ ਐਥਲੀਟਾਂ ਨੂੰ ਕੋਚਿੰਗ ਦਿੱਤੀ ਅਤੇ 1974, 1978 ਅਤੇ 1982 ਦੀਆਂ ਏਸਿਆਈ ਖੇਡਾਂ ਲਈ ਕੌਮੀ ਟੀਮਾਂ ਦੇ ਮੁੱਖ ਕੋਚ ਰਹੇ। ਇਸ ਤੋਂ ਇਲਾਵਾ ਆਪ 1972, 1976, 1980 ਅਤੇ 1984 ਦੀਆਂ ਉਲੰਪਿਕਸ ਖੇਡਾਂ ਸਮੇਂ ਐਥਲੈਟਿਕਸ ਦੇ ਮੁੱਖ ਕੋਚ ਰਹੇ। ਸ. ਜੋਗਿੰਦਰ ਸਿੰਘ ਨੇ 1981 ਵਿੱਚ ਹੋਏ ਦੂਸਰੇ ਸੰਸਾਰ ਕੱਪ ਐਥਲੈਟਿਕਸ ਮੁਕਾਬਲਿਆਂ ਸਮੇਂ ਏਸ਼ੀਅਨ ਟੀਮ ਦੇ ਕੋਚ ਵਜੋਂ ਸੇਵਾ ਨਿਭਾਈ।

ਆਪ ਦੀ ਮਿਹਨਤ ਤੇ ਯੋਗਤਾ ਸਦਕਾ 1975 ਵਿੱਚ ਸਿਉਲ ਵਿਖੇ ਆਯੋਜਿਤ ਦੂਜੀ ਏਸ਼ਿਆਈ ਟਰੈਕ ਅਤੇ ਫੀਲਡ ਮੀਟ ਵਿੱਚ ਭਾਰਤੀ ਟੀਮ ਨੇ 9 ਸੋਨ ਤਮਗੇ ਹਾਸਲ ਕਰ ਕੇ ਰਿਕਾਰਡ ਬਣਾਇਆ। ਬੈਂਕਾਕ ਵਿਖੇ 1978 ਵਿੱਚ ਹੋਈਆਂ ਏਸ਼ਿਆਈ ਖੇਡਾਂ ਵਿੱਚ ਭਾਰਤੀਆਂ ਨੇ 8 ਸੋਨ ਤਮਗਿਆਂ ਸਮੇਤ 18 ਤਮਗੇ ਜਿੱਤੇ ਹੋ ਹੁਣ ਤੱਕ ਦੇ ਸਭ ਤੋਂ ਜ਼ਿਆਦਾ ਹਨ। ਆਪ ਦੀ ਅਗਵਾਈ ਅਧੀਨ 1982 ਦੀਆਂ ਏਸ਼ਿਆਈ ਖੇਡਾਂ ਵਿੱਚ ਭਾਰਤੀ ਐਥਲੀਟਾਂ ਨੇ 21 ਤਮਗੇ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। 1985 ਵਿੱਚ ਇਨ੍ਹਾਂ ਦੀ ਸਿਖਲਾਈ ਪ੍ਰਾਪਤ ਭਾਰਤੀ ਟੀਮ ਨੇ ਐਥਲੈਟਿਕਸ ਦੇ ਦਸ ਸੋਨ ਤਮਗੇ ਜਿੱਤ ਕੇ ਸ਼ੋਹਰਤ ਹਾਸਲ ਕੀਤੀ।



ਟ੍ਰੈਕ ਐਂਡ ਫੀਲਡ ਦੇ ਕਈ ਖਿਡਾਰੀਆਂ ਨੂੰ ਤਰਾਸ਼ਣ ਦਾ ਸਿਹਰਾ ਸ. ਜੋਗਿੰਦਰ ਸਿੰਘ ਨੂੰ ਜਾਂਦਾ ਹੈ। ਇਨ੍ਹਾਂ ਵਿੱਚ ਪੀ.ਟੀ.ਊਸ਼ਾ, ਸ਼ਿਵਨਾਥ ਸਿੰਘ, ਅਦਿਲੇ ਸੁਮਾਰੀਵਿਲਾ, ਕਮਲਜੀਤ ਸੰਧੂ, ਮਨਜੀਤ ਵਾਲੀਆ ਅਤੇ ਰਿਟਾ ਸੇਨ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਉਨ੍ਹਾਂ ਨੇ 1962 ਏਸ਼ਿਆਈ ਖੇਡਾਂ ਦੇ ਸੋਨ ਤਮਗਾ ਜੇਤੂ ਗੁਰਬਚਨ ਸਿੰਘ ਰੰਧਾਵਾ ਨੂੰ ਡੀਕੈਥਲਾਨ ਨਾਲ ਜੁੜਨ ਲਈ ਪ੍ਰੇਰਿਆ ਸੀ। ਭਾਰਤ ਸਰਕਾਰ ਨੇ ਸ. ਜੋਗਿੰਦਰ ਸਿੰਘ ਦੀਆਂ ਦੇਸ਼ ਪ੍ਰਤਿ ਸ਼ਲਾਘਾਯੋਗ ਸੇਵਾਵਾਂ ਬਦਲੇ ਉਨ੍ਹਾਂ ਨੂੰ 1997 ਵਿੱਚ ਦਰੋਣਾਚਾਰੀਆ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਸ. ਜੋਗਿੰਦਰ ਸਿੰਘ ਨੇ 1965 ਤੋਂ 1974 ਤੱਕ ਆਈ.ਐਨ.ਐਸ. ਸਪੋਰਟਸ ਜਨਰਲ ਦੇ ਸੰਪਾਦਕ ਵਜੋਂ ਕੰਮ ਕੀਤਾ ਅਤੇ 1976 ਤੋਂ 1986 ਤੱਕ ਆਈ.ਏ.ਏ.ਐਫ ਕੋਰਸਾਂ ਲਈ ਲੈਕਚਰਾਰ ਰਹੇ। ਆਪ 1970 ਤੋਂ 1986 ਤੱਕ ਐਥਲੈਟਿਕਸ ਕੋਚਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਆਪ ਨੇ ਕਈ ਅੰਤਰਰਾਸ਼ਟਰੀ ਐਥਲੈਟਿਕਸ ਕਾਂਗਰਸਾਂ ਵਿੱਚ ਭਾਰਤ ਦੀ ਪ੍ਰਤਿਨਿੱਧਤਾ ਕੀਤੀ। ਸੰਨ 1984 ਵਿੱਚ ਸਪੋਰਟਸ ਜਰਨੇਲਿਸਟ ਐਸੋਸੀਏਸ਼ਨ ਵਲੋਂ ਕਰਵਾਏ ਗਏ ਮੁਕਾਬਲੇ ਵਿੱਚ ਆਪ ਸਾਲ ਦੇ ਸਰਵਸ੍ਰੇਸ਼ਟ ਕੋਚ ਚੁਣੇ ਗਏ ਅਤੇ ਕੌਮਾਂਤਰੀ ਖੇਡ ਸੈਮੀਨਾਰ ਦੇ ਸਕੱਤਰ ਬਣਨ ਦਾ ਮਾਣ ਹਾਸਲ ਹੋਇਆ। ਆਪ 1974-75 ਵਿੱਚ ਬੰਗਲੌਰ ਵਿਖੇ ਆਈ.ਐਨ.ਐਸ. ਦੇ ਦੱਖਣੀ ਸੈਂਟਰ ਦੇ ਡਿਪਟੀ ਡਾਇਰੈਕਟਰ ਵੀ ਰਹੇ। 1988 ਵਿੱਚ ਆਪ ਨੂੰ ਟੀਮ ਵਿੰਗ ਦਾ ਨਿਰਦੇਸ਼ਕ ਥਾਪਿਆ ਗਿਆ। ਭਾਰਤ ਦੀ ਖੇਡ ਸੰਸਥਾ ਵਲੋਂ ਸੈਣੀ ਸਾਹਿਬ ਨੂੰ ਕੰਟਰੈਕਟ ਆਧਾਰ 'ਤੇ ਕੌਮੀ ਕੋਚ ਬਣਾਇਆ ਗਿਆ ਜੋ ਸੇਵਾ ਆਪ ਨੇ 2004 ਤੱਕ ਨਿਭਾਈ।

ਆਪ ਦਾ ਵਿਆਹ ਰੋਪੜ ਸ਼ਹਿਰ ਦੇ ਨਾਮਵਰ ਨਨੂੰਆਂ ਪਰਿਵਾਰ (ਸਤਲੁਜ ਹਾਊਸ) ਦੀ ਧੀ ਨਾਲ ਹੋਇਆ। ਆਪ

ਬਾਕੀ ਪੰਨਾ 29 'ਤੇ........



# ਤੁਹਾਡੀ ਸਿਹਤ ਤੁਹਾਡੇ ਹੱਥ

ਜਸਵੰਤ ਸਿੰਘ ਸੈਣੀ

ਸੋਝੀ ਸੰਭਾਲਨ ਤੋਂ ਬਾਅਦ ਹਰ ਵਿਅਕਤੀ ਦੀ ਸਿਹਤ ਮੋਟੇ ਤੌਰ ਤੇ ਉਸ ਦੇ ਅਪਣੇ ਹੱਥ ਹੋ ਜਾਂਦੀ ਹੈ । ਭਾਵੇਂ ਕਿ ਕੁੱਝ ਕੁ ਵੇਰੀਂ ਕਈ ਗੱਲਾਂ ਮਨੁੱਖ ਦੇ ਹੱਥੋਂ ਬਾਹਰ ਵੀ ਚਲੇ ਜਾਂਦੀਆਂ ਹਨ ਜਿਵੇਂ ਕਿ ਅਚਾਨਕ ਕੋਈ ਹਾਦਸਾ ਹੋ ਜਾਣਾ, ਕੁਦਰਤੀ ਕਰੋਪੀ ਜਾਂ ਕਿਸੇ ਮਨਹੂਸ ਬਿਮਾਰੀ ਦਾ ਸ਼ਿਕਾਰ ਹੋ ਜਾਣਾ । ਪਰੰਤੂ ਬਹੁਤਾ ਕਰਕੇ ਬੰਦੇ ਦੀ ਅਪਣੀ ਖੁਦ ਦੀ ਖੁਰਾਕ ਸਬੰਧੀ ਘੱਟ ਸਮਝੀ, ਅਣਜਾਣਪੁਣਾ ਜਾਂ ਲਾਪਰਵਾਹੀ ਅਤੇ ਚਟਖੋਰਾ ਹੋਣ ਕਰਕੇ ਬੰਦਾ ਬਿਮਾਰੀ ਗ੍ਰਸਤ ਹੁੰਦਾ ਹੈ । ਹਥਲੇ ਲੇਖ ਵਿੱਚ ਆਮ ਲੋਕਾਂ ਅਤੇ ਖਾਸ ਤੌਰ ਪਰ ਰੋਗ ਗ੍ਰਸਤ ਵਿਅਕਤੀਆਂ ਬਾਰੇ ਕੁੱਝ ਮਹੱਤਵਪੂਰਣ ਗੱਲਾਂ ਸਾਂਝੀਆਂ ਕਰ ਰਹੇ ਹਾਂ । ਸਿਹਤ ਸੰਭਾਲ ਸਬੰਧੀ ਇਹ ਅਹਿਮ ਨੁਕਤੇ ਨਿਸਚੇ ਹੀ ਲਾਭ ਪਹੁੰਚਾਉਣਗੇ ।

ਸਾਡੇ ਅਨੁਭਵ, ਅਧਿਅਨ ਅਤੇ ਸਰਵੇਖਣ ਮੁਤਾਬਿਕ ਸਿਹਤ ਸੰਭਾਲ ਸਬੰਧੀ ਅਪਣੀ ਖੁਰਾਕੀ ਵਸਤਾਂ ਦੀ ਜਾਣਕਾਰੀ ਨੂੰ ਅਪਡੇਟ ਕਰਨ ਨਾਲ ਸਰੀਰਕ ਬਿਮਾਰੀਆਂ ਨੂੰ ਕਾਫੀ ਹੱਦ ਤੱਕ ਰੋਕ ਲਾਈ ਜਾ ਸਕਦੀ ਹੈ । ਬੀਤੇ ਸਮਿਆਂ ਵਿੱਚ ਲੋਕੀਂ ਆਮ ਤੌਰ ਤੇ ਹਰ ਕੰਮ ਖੁਦ ਅਪਣੇ ਹੱਥੀਂ ਕਰਦੇ ਹੁੰਦੇ ਸਨ । ਖੇਤੀ ਬਾੜੀ ਕਰਨ ਵਾਲੇ ਤਾਂ ਦਿਨ ਰਾਤ ਕੰਮ ਕਰਦੇ ਹੀ ਸਨ ਪਰੰਤੂ ਸਮਾਜ ਦੇ ਹਰ ਵਰਗ ਤੇ ਕਿੱਤੇ ਦੇ ਲੋਕ ਮਿਹਨਤ ਮੁਸ਼ੱਕਤ ਵਿੱਚ ਵਿਸ਼ਵਾਸ਼ ਰਖਦੇ ਸਨ । ਨਤੀਜੇ ਵਜੋਂ ਹਰ ਬੰਦੇ ਵੱਲੋਂ ਕੀਤੀ ਲੋੜੀਂਦੀ ਸਰੀਰਕ ਹਰਕਤ ਜੇਕਰ ਖਾਣ ਪੀਣ ਵਿੱਚ ਕੋਈ ਕੋਤਾਹੀ ਹੋ ਵੀ ਜਾਂਦੀ ਸੀ ਤਾਂ ਉਸ ਦਾ ਅਸਰ ਬੇਅਸਰ ਕਰ ਦਿੰਦੀ ਸੀ ਅਤੇ ਬੰਦਾ ਥੋੜ੍ਹੇ ਖਹਿੜੇ ਬਿਮਾਰ ਹੁੰਦਾ ਹੀ ਨਹੀ ਸੀ । ਪਰੰਤੂ ਆਧੁਨਿਕ ਅਤੇ ਵਿਕਸਿਤ ਹੋਣ ਦੇ ਨਾਂ ਤੇ ਜੀਵਨ ਸ਼ੈਲੀ ਬਦਲ ਗਈ ਹੈ ਅਤੇ ਮਨੁੱਖ ਆਰਾਮ ਪ੍ਰਸਤ ਹੋ ਗਿਆ ਹੈ । ਜਿਸਮਾਨੀ ਮਿਹਨਤ ਘੱਟ ਹੋਣ ਕਰਕੇ ਖੁਰਾਕ ਵਿੱਚ ਥੋੜ੍ਹੀ ਜਿਹੀ ਕੁਤਾਹੀ ਵੀ ਅਣਗਿਣਤ ਬਿਮਾਰੀਆਂ ਨੂੰ ਸੱਦਾ ਦੇਣ ਲੱਗ ਪਈ ਹੈ । ਸਿਹਤ ਸੰਭਾਲ ਲਈ ਪਹਿਲੀ ਗੱਲ ਸਰੀਰਕ ਹਰਕਤ, ਸੈਰ, ਕਸਰਤ ਜਾਂ ਯੋਗਾ ਆਦਿ ਨਿਯਮਤ ਤੌਰ ਤੇ ਕਰਨਾ ਬਹੁਤ ਜ਼ਰੂਰੀ ਹੈ । ਕਸਰਤ ਦਿਨ ਦੇ ਦਸਵੇਂ ਹਿੱਸੇ ਜਾਂ ਘੱਟ ਤੋਂ ਘੱਟ ਇੱਕ ਘੰਟਾ ਜ਼ਰੂਰੀ ਹੋਣੀ ਲੋੜੀਂਦੀ ਹੈ ।

ਦੂਜੀ ਵੱਡੀ ਗੱਲ ਖੁਰਾਕ ਨੂੰ ਸਹੀ ਰੱਖਣ ਦੀ ਸਖਤ ਲੋੜ ਹੈ । ਖੁਰਾਕ ਇਸ ਤਰ੍ਹਾਂ ਦੀ ਖਾਓ ਕਿ ਠੀਕ ਤਰ੍ਹਾਂ ਪਚ ਜਾਏ ਅਤੇ ਸਰੀਰ ਨੂੰ ਲੋੜੀਂਦੀ ਊਰਜਾ ਜਾਂ ਸ਼ਕਤੀ ਬਾਦਸਤੂਰ ਮਿਲਦੀ ਰਹਿ ਸਕੇ । ਸੋ ਅਪਣੇ ਪੇਟ ਜਾਂ ਹਾਜ਼ਮੇ ਪ੍ਰਤੀ ਸੁਚੇਤ ਰਹਿਣਾ ਅਤੀ ਜ਼ਰੂਰੀ ਹੈ । ਬਦਹਜ਼ਮੀਂ ਅਨੇਕ ਰੋਗਾਂ ਦੀ ਜਨਮਦਾਤੀ ਹੈ । ਸਰੀਰ ਨੂੰ ਸੁਚਾਰੂ ਚਲਦਾ ਰੱਖਣ ਲਈ ਮਲ ਮੂਤਰ ਦਾ ਤਿਆਗ ਸੁਭਾਵਿਕ ਹੋਣਾ ਚਾਹੀਦਾ ਹੈ । ਪਾਖਾਨਾ ਤਿਆਗ ਦੀ ਕ੍ਰਿਆ ਸਮੇ ਸਿਰ, ਸਹਿਜ, ਇਕਸਾਰ, ਨਰਮ ਅਤੇ ਸੀਮਿਤ ਸਮੇ ਵਿੱਚ ਹੋਣੀ ਬਹੁਤ ਜ਼ਰੂਰੀ ਹੈ । ਜੇਕਰ ਇਸ ਤਰ੍ਹਾਂ ਨਹੀ ਹੁੰਦਾ ਤਾਂ ਸਮਝੋ ਬਿਮਾਰੀਆਂ ਦਸਤਕ ਦੇ ਰਹੀਆਂ ਹਨ । ਇਸ ਸਭ ਕੁੱਝ ਨੂੰ ਠੀਕ ਰੱਖਣ ਲਈ ਦਵਾਈਆਂ ਨਹੀਂ ਸਗੋਂ ਅਪਣੀ ਖੁਰਾਕ ਨੂੰ ਦਵਾਈ ਬਣਾਓ । ਖੁਰਾਕੀ ਵਸਤਾਂ ਅਤੇ ਖੁਰਾਕੀ ਆਦਤਾਂ ਦੀ ਨਜ਼ਰਸਾਨੀ ਜਾਂ ਬਦਲਾਓ ਕੀਤੇ ਬਗੈਰ ਦਵਾਈਆਂ ਦੇ ਸਹਾਰੇ ਕਦੇ ਸਿਹਤਯਾਬ ਨਹੀਂ ਰਹਿ ਸਕੋਗੇ । ਮਲ, ਪਿਸ਼ਾਬ ਤਿਆਗ ਦੀਆਂ ਅਨੀਮਯਤਤਾਵਾਂ ਗੈਸ, ਗੋਡਿਆਂ ਮੋਢਿਆਂ ਤੇ ਜੋੜ ਦਰਦ ਆਦਿ ਬੇਸ਼ੁਮਾਰ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ । ਪੇਟ ਦੀ ਜ਼ਰਾ ਜਿੰਨੀ ਖਰਾਬੀ ਦਾ ਖਿਆਲ ਰੱਖਣਾ ਜ਼ਰੂਰੀ ਹੈ । ਖੁਰਾਕ ਵਿੱਚ ਜ਼ਰੂਰੀ ਨਹੀ ਕਿ ਚਾਵਲ ਜਾਂ ਕਣਕ ਹੀ ਸਿਰਫ ਅੰਨ ਦੇ ਤੌਰ ਤੇ ਵਰਤੋਂ ਵਿੱਚ ਲਿਆਂਦੇ ਜਾਣ ਸਗੋਂ ਵਿਸ਼ਵ ਪ੍ਰਸਿਧੀ ਪ੍ਰਾਪਤ ਖੁਰਾਕ ਵਿਗਿਆਨੀਆਂ ਨੇ ਕੋਦਰਾ, ਸਵਾਂਕ ਦੇ ਚੌਲ, ਕੰਗਣੀ, ਹਰੀ ਕੰਗਣੀ, ਕੁਟਕੀ ਨੂੰ ਸਰਵੋਤਮ ਅੰਨ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਹੈ । ਪਰੰਤੂ ਅੰਨ ਦੀਆਂ ਇਨ੍ਹਾਂ ਕਿਸਮਾਂ ਦੀ ਉਪਜ ਪੰਜਾਬ ਵਿੱਚ ਵੱਡੀ ਪੱਧਰ ਤੇ ਨਾ ਹੋਣ ਕਰਕੇ ਆਂਧਰਾ ਪ੍ਰਦੇਸ਼ ਜਿਹੇ ਦੱਖਣੀ ਪ੍ਰਾਂਤਾਂ ਵਿੱਚੋਂ ਪ੍ਰਾਪਤ ਕਰਨੀਆਂ ਪੈਂਦੀਆਂ ਹਨ । ਉਪਰੋਕਤ ਅੰਨ ਦੀਆਂ ਕਿਸਮਾਂ ਦੀ ਉਪਲਬਧਤਾ ਨਾ ਹੋਣ ਦੀ ਹਾਲਤ ਵਿੱਚ ਕਣਕ ਅਤੇ ਚਾਵਲ ਦੀ ਜਗ੍ਹਾ ਬਾਜਰਾ, ਜਵਾਰ (ਚਰੀ), ਰਾਗੀ, ਛੋਲੇ, ਮੱਕੀ ਨੂੰ ਕੰਮ ਚਲਾਉਣ ਲਈ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ । ਪਰੰਤੂ ਕਣਕ ਅਤੇ ਚਾਵਲ ਨੂੰ ਅੰਨ ਦੇ ਤੌਰ ਤੇ ਘੱਟ ਤੋਂ ਘੱਟ ਵਰਤੋਂ ਵਿੱਚ ਲਿਅਉਣਾ ਜ਼ਰੂਰੀ ਹੈ । ਸਾਨੂੰ ਲਕੀਰ ਦੇ ਫਕੀਰ ਬਣ ਕੇ ਰਹਿਣਾ ਜ਼ਰੂਰੀ ਨਹੀ ਹੈ । ਕਣਕ ਅਤੇ ਚੌਲਾਂ ਦਾ ਪ੍ਰਯੋਗ ਕੋਈ ਦੈਵੀ ਹੁਕਮ ਤੇ ਅਧਾਰਿਤ ਨਹੀ ਹੈ ਸਗੋਂ ਮਨੁੱਖ ਨੇ ਅਪਣੀ ਸੌਖ ਅਤੇ ਆਰਥਿਕ ਸਹੂਲਤਾਂ ਅਨੁਸਾਰ ਇਹ ਫੂਡ ਕਲਚਰ ਅਪਣਾਇਆ ਹੋਇਆ ਹੈ । ਅੰਨ ਉਹ ਖਾਓ ਜਿਹੜੇ ਉਤਪਾਦਨ ਵੇਲੇ ਘੱਟ ਤੋਂ ਘੱਟ ਪਾਣੀ ਅਤੇ ਰਸਾਇਣਾਂ ਦੀ ਮੰਗ ਕਰਦੇ ਹਨ ਜਿਵੇਂ ਕੇ ਉਪਰੋਕਤ ਦਰਜ ਅੰਨ ।

ਇੱਥੇ ਇਸ ਗੱਲ ਦਾ ਜ਼ਿਕਰ ਕੀਤਾ ਜਾਣਾ ਵੀ ਅਤੀ ਜ਼ਰੂਰੀ ਹੋਵੇਗਾ ਕਿ ਅੰਨ ਭਾਵੇਂ ਕੋਈ ਵੀ ਹੋਵੇ ਦਿਨ ਵਿੱਚ 2 ਜਾਂ 3 ਵਾਰ ਤੋਂ ਵੱਧ ਕਦੇ ਨਾ ਖਾਓ । ਅੰਨ ਤੋਂ ਦੁੱਗਣੇ ਵਜ਼ਨ ਦੀਆਂ ਹਰੀਆਂ ਸਬਜ਼ੀਆਂ, ਹਰੇ ਪੱਤੇ ਅਤੇ ਫਲ ਵਗੈਰਾ ਦਾ ਸੇਵਨ ਕਰੋ । ਸਰੀਰ ਨੂੰ ਲੋੜੀਂਦੇ ਪੌਸ਼ਟਿਕ ਤੱਤਾਂ ਦੀ ਜ਼ਰੂਰਤ ਕੱਚਾ ਆਹਾਰ ਬਖੂਬੀ ਕਰਦਾ ਹੈ ਅਤੇ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ (ਮਿਮੁਨਟਿ) ਪ੍ਰਦਾਨ ਕਰਦਾ ਹੈ । ਅੰਨ ਜਿੰਨਾ ਘੱਟ ਖਾਓਗੇ ਉੱਨਾ ਜ਼ਿਆਦਾ ਨਿਰੋਗ ਰਹੋਗੇ । ਭਾਵੇਂ ਕਿ ਬਹੁਤਾਤ ਵਿੱਚ ਅੱਛੀ ਤੋਂ ਅੱਛੀ ਚੀਜ਼ ਦਾ ਵੀ ਨੁਕਸਾਨ ਹੋ ਸਕਦਾ ਹੈ । ਸਿਆਣਿਆਂ ਨੇ ਠੀਕ ਹੀ ਕਿਹਾ ਹੈ ਬੰਦਾ

ਭੁੱਖਾ ਨਹੀਂ ਮਰਦਾ ਸਗੋਂ ਰੱਜਿਆ ਹੋਇਆ ਮਰਦਾ ਹੈ ।

ਸਰੀਰ ਨੂੰ ਲੋੜੀਂਦੀ ਤਾਕਤ ਪ੍ਰਾਪਤ ਕਰਨ ਲਈ ਸਾਡੇ ਫੂਡ ਕਲਚਰ ਅਨੁਸਾਰ ਅਸੀਂ ਦੁੱਧ ਨੂੰ ਪਹਿਲ ਦਿੰਦੇ ਆ ਰਹੇ ਹਾਂ ਪਰੰਤੂ ਆਹਾਰ ਸਬੰਧੀ ਖੋਜਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥਾਂ ਨਾਲੋਂ ਹੋਰ ਬਹੁਤ ਸਾਰੀਆਂ ਖਾਣ ਵਸਤਾਂ ਹਨ ਜਿਨ੍ਹਾਂ ਵਿੱਚ ਕੈਲਸ਼ੀਅਮ ਵਗੈਰਾ ਪੌਸ਼ਟਿਕ ਤੱਤ ਦੁੱਧ ਨਾਲੋਂ ਕਿਤੇ ਜ਼ਿਆਦਾ ਮਿਲਦੇ ਹਨ । ਦੁੱਧ ਪਿਚਕਾਰੀ ਦੀ ਤਰ੍ਹਾਂ ਵਾਧੂ ਗੁਲੂਕੋਜ਼ ਮੁਹੱਈਆ ਕਰਦਾ ਹੈ ਜਿਹੜਾ ਕਿ ਸਰੀਰ ਲਈ ਲੋੜੀਂਦੀ ਊਰਜਾ ਪੈਦਾ ਕਰਨ ਲਈ ਅਸਮਰਥ ਹੁੰਦਾ ਹੈ ਸਗੋਂ ਦੁੱਧ ਤੋਂ ਪੈਦਾ ਹੋਏ ਫਾਲਤੂ ਤੱਤਾਂ ਨੂੰ ਬਾਹਰ ਕੱਢਣ ਵਿੱਚ ਬੰਦਾ ਬਿਮਾਰ ਰਹਿਣ ਲੱਗ ਜਾਦਾ ਹੈ । ਅੰਡੇ, ਮੀਟ ਮੱਛੀ ਆਦਿ ਇਹ ਸਾਰੀਆਂ ਚੀਜ਼ਾਂ ਦੇ ਸੇਵਨ ਨਾਲ ਸਰੀਰ ਨੂੰ ਫਾਇਦੇ ਨਾਲੋਂ ਕਿਤੇ ਜ਼ਿਆਦਾ ਨੁਕਸਾਨ ਹੁੰਦਾ ਹੈ । ਧਰਤੀ ਮਾਂ ਤੋਂ ਪੈਦਾ ਹੋ ਰਹੀਆਂ ਖਾਣ ਵਾਲੀਆਂ ਵਸਤਾਂ ਦਾ ਸਿੱਧਾ ਸੇਵਨ ਕਿਤੇ ਜ਼ਿਆਦਾ ਗੁਣਕਾਰੀ ਹੈ । ਮਨੁੱਖ ਅਪਣੇ ਮੂੰਹ ਦੇ ਸੁਆਦਾ ਬਦਲੇ ਅਪਣੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਦੁੱਧ ਜੇਕਰ ਅਸੀਂ ਸਰੀਰ ਦੀ ਜ਼ਰੂਰਤ ਕੈਲਸ਼ੀਅਮ ਕਰਕੇ ਇਸਤੇਮਾਲ ਕਰਦੇ ਹਾਂ ਤਾਂ ਤਿਲ ਆਦਿ ਵਿੱਚ ਇਸ ਨਾਲੋਂ ਕਿਤੇ ਵੱਧ ਹੈ । ਸਰੀਰਕ ਤਾਕਤ ਪ੍ਰਾਪਤ ਕਰਨ ਲਈ ਦੁੱਧ ਦੇ ਬਦਲ ਵਜੋਂ ਨਾਰੀਅਲ, ਸੋਇਅਸਾਬੀਨ, ਤਿੱਲ, ਬਾਦਾਮ ਆਦਿ ਦਾ ਦੁੱਧ ਬਣਾਇਆ ਜਾ ਸਕਦਾ ਹੈ । ਕੁੱਝ ਘੰਟੇ ਭਿਓਂ ਕੇ ਰੱਖ ਕੇ ਪੁੰਗਰੀਆਂ ਹੋਈਆਂ ਦਾਲਾਂ ਖਾਣ ਨਾਲ ਪੌਸ਼ਟਿਕ ਤੱਤ ਮਿਲਦੇ ਹਨ । ਘਿਓ ਦੀ ਥਾਂ ਸਰ੍ਹੋਂ, ਮੂੰਗਫਲੀ, ਅਲਸੀ, ਨਾਰੀਅਲ ਆਦਿ ਦੇ ਤੇਲ ਬਹੁਤ ਜ਼ਿਆਦਾ ਗੁਣਕਾਰੀ ਹਨ । ਕੁਦਰਤ ਬੇਸ਼ੁਮਾਰ ਚੀਜ਼ਾਂ ਪੈਦਾ ਕਰਦੀ ਹੈ ਜ਼ਰਾ ਇਸ ਸਬੰਧੀ ਗੰਭੀਰਤਾ ਨਾਲ ਵੇਖਣ ਦੀ ਲੋੜ ਹੈ । ਅੱਜ ਦੀ ਵਪਾਰਿਕ ਮਾਨਸਿਕਤਾ ਵਿੱਚ ਹਰ ਪੱਖੋਂ ਖਾਲਸ ਦੁੱਧ ਅਤੇ ਘਿਓ ਦਾ ਮਿਲਨਾ ਦੁਰਲੱਭ ਹੋ ਗਿਆ ਹੈ । ਸਿਹਤ ਸੰਭਾਲ ਲਈ ਬਦਲ ਕੁਦਰਤ ਵੱਲੋਂ ਪੈਦਾ ਕੀਤੀਆਂ ਬੇਸ਼ੁਮਾਰ ਚੀਜ਼ਾਂ ਵਿੱਚ ਮਿਲਦਾ ਹੈ ।

ਮੂੰਹ ਮਿੱਠਾ ਕਰਨ ਲਈ ਚਿੱਟੀ ਦਾਣੇਦਾਰ ਚੀਨੀ ਦਾ ਬਦਲ ਲੱਭਣ ਦੀ ਜ਼ਰੂਰਤ ਪੈ ਗਈ ਹੈ ਕਿਉਂਕਿ ਦਾਣੇਦਾਰ ਚੀਨੀ ਵਿੱਚ ਪੌਸ਼ਟਿਕ ਤੱਤ ਗਾਇਬ ਅਤੇ ਨੁਕਸਾਨਦੇਹ ਤੱਤਾਂ ਦੀ ਭਰਮਾਰ ਹੁੰਦੀ ਹੈ । ਗੁੜ, ਸ਼ੱਕਰ ਇਸ ਤੋਂ ਕਿਤੇ ਵੱਧ ਲਾਭਕਾਰੀ ਹਨ । ਪਰੰਤੂ ਖਜੂਰਾਂ ਦਾ ਗੁੜ (ਫੳਲਿਮ ਜੳਗਗੲਰੇ) ਤਾਂ ਸਭ ਤੋਂ ਚੰਗਾ ਹੈ । ਮਿੱਠੇ ਆਹਾਰ ਲਈ ਕੋਈ ਵੀ ਮਿੱਠਾ ਫਲ ਇਸਤੇਮਾਲ ਕੀਤਾ ਜਾ ਸਕਦਾ ਹੈ । ਕਿਸੇ ਵੀ ਫਲ ਦਾ ਕੋਈ ਕੁਪਰਭਾਵ ਨਹੀਂ ਹੁੰਦਾ ਹੈ । ਫਲ ਤਾਜ਼ੇ ਹੋਣ ਜਾਂ ਸੁੱਕੇ ਦੋਨੋਂ ਮੁਫੀਦ ਹਨ ।

24 ਘੰਟਿਆਂ ਦੇ ਦਿਨ ਰਾਤ ਵਿੱਚ ਜਿੱਥੇ ਦਿਮਾਗੀ ਆਰਾਮ ਲਈ 6-7 ਘੰਟੇ ਦੀ ਗੂੜ੍ਹੀ ਨੀਂਦ ਜ਼ਰੂਰੀ ਹੈ ਉੱਥੇ ਪੇਟ ਨੂੰ ਖਾਧ ਸਮੱਗਰੀ ਨੂੰ ਹਜ਼ਮ ਕਰਨ, ਛੋਟੀਆਂ ਵੱਡੀਆਂ ਆਂਤੜੀਆਂ ਆਦਿ ਨੂੰ ਸਾਫ ਕਰਨ, ਮਨੁੱਖ ਲਈ ਲੋੜੀਂਦੀ ਊਰਜਾ ਤਿਆਰ ਕਰਨ ਅਤੇ ਫਾਲਤੂ ਮਲ ਮੂਤਰ ਦੇ ਕਚੜੇ ਨੂੰ ਬਾਹਰ ਕੱਢਣ (ਧੲਟੋਣਡਿਚਿਓਟੋਨਿ) ਲਈ ਵਕਤ ਚਾਹੀਦਾ ਹੈ । ਰਾਤ ਦਾ ਵਕਤ ਸਭ ਤੋਂ ਜ਼ਿਆਦਾ ਢੁੱਕਵਾਂ ਹੈ । ਬਹੁਤ ਹੀ ਅੱਛਾ ਹੋਵੇਗਾ ਜੇਕਰ ਰਾਤ ਦੇ 8 ਵਜੇ ਤੋਂ ਪਹਿਲਾਂ ਪਹਿਲਾਂ ਖਾ ਪੀ ਲਿਆ ਜਾਵੇ ਅਤੇ ਦੂਜੇ ਦਿਨ 10 ਵਜੇ ਤੋਂ ਬਾਅਦ ਹੀ ਕੁੱਝ ਠੋਸ ਸਮੱਗਰੀ ਦਾ ਸੇਵਨ ਕੀਤਾ ਜਾਵੇ । ਅੰਤੜੀਆਂ ਨੂੰ 14 ਘੰਟੇ ਦਾ ਆਰਾਮ ਕਿਸੇ ਬਿਮਾਰੀ ਨੂੰ ਨੇੜੇ ਨਹੀ ਢੁਕਣ ਦੇਵੇਗਾ । ਭੁੱਖ ਲਗਣ ਤੇ ਖਾਣ ਨਾਲ ਅਤੇ ਕਦੇ ਕਦੇ ਵਰਤ ਰੱਖਣ ਨਾਲ ਹੋਰ ਵੀ ਫਾਇਦਾ ਹੋਵੇਗਾ । ਇੱਕ ਖੁਰਾਕ ਦਾ ਦੂਜੀ ਖੁਰਾਕ ਦਰਮਿਆਨ ਅੰਤਰ 5-6 ਘੰਟਿਆਂ ਦਾ ਰਖਣਾ ਬਹੁਤ ਫਾਇਦੇਮੰਦ ਹੁੰਦਾ ਹੈ । ਪੇਟ ਵਿੱਚ ਥੋੜ੍ਹੀ ਭੁੱਖ ਰੱਖ ਕੇ ਖਾਓ । ਪਾਣੀ ਜਦੋਂ ਜ਼ਰੂਰਤ ਹੋਵੇ ਉਦੋਂ ਹੀ ਪੀਓ, ਨਾ ਘੱਟ ਨਾ ਵੱਧ । ਰਾਤ ਨੂੰ ਸੌਣ ਤੋਂ ਪਹਿਲਾਂ ਕੁੱਝ ਘੁੱਟ ਪਾਣੀ ਪੀ ਲੈਣਾ ਪੇਟ ਦੀ ਸਫਾਈ ਲਈ ਅੱਛਾ ਹੈ ਸਵੇਰ ਦੀ ਸ਼ੁਰੂਆਤ ਵੀ ਖਾਲੀ ਪੇਟ ਪਾਣੀ ਪੀਣ ਨਾਲ ਹੀ ਹੋਣੀ ਚਾਹੀਦੀ ਹੈ । ਚਾਹ ਜਾਂ ਕਾਫੀ ਦੀ ਜਗ੍ਹਾ ਬਿਨਾ ਚੀਨੀ ਅਤੇ ਦੁੱਧ ਦੇ ਗਰੀਨ ਟੀ ਜਾਂ ਮੇਥੀ, ਪਾਲਕ, ਮੂਲੀ, ਗਾਜਰ, ਬਿੱਲ, ਕੜ੍ਹੀ ਪੱਤਾ, ਅਮਰੂਦ, ਜਾਮਨ, ਪਿੱਪਲ, ਅੰਬ ਆਦਿ ਬਹੁਤ ਸਾਰੇ ਪੌਦਿਆਂ ਦੇ ਹਰੇ ਪੱਤਿਆਂ ਦਾ ਕਾਹੜਾ ਬਣਾ ਕੇ ਹਲਕਾ ਗਰਮ ਪੀਣਾ ਬਿਮਾਰੀਆਂ ਨੂੰ ਜੜੋਂ ਉਖਾੜ ਦੇਵੇਗਾ । ਸੁਆਦੀ ਬਣਾਉਣ ਲਈ ਦੁੱਧ, ਚੀਨੀ ਦੀ ਥਾਂ ਦਾਲਚੀਨੀ, ਕਾਲੀ ਮਿਰਚ, ਸੇਂਧਾਂ ਨਮਕ ਅਤੇ ਸ਼ਹਿਦ ਦਾ ਇਸਤੇਮਾਲ ਕੀਤਾ ਜਾਵੇ ।

ਸਰੀਰ ਲਈ ਧੁੱਪ ਦਾ ਸੇਕ ਗ੍ਰਹਿਣ ਕਰਨਾ ਵੀ ਜ਼ਰੂਰੀ ਹੈ । ਪੇੜ ਪੌਦਿਆਂ ਦੀ ਤਰ੍ਹਾਂ ਮਨੁੱਖ ਨੂੰ ਵੀ ਧੁੱਪ ਦੀ ਖੁਰਾਕ ਜ਼ਰੂਰੀ ਹੈ । ਧੁੱਪ ਨਾਲ ਚਮੜੀ ਦੇ ਮੁਸਾਮ ਖੁਲ੍ਹਦੇ ਹਨ ਅਤੇ ਫਾਇਦਾ ਹੁੰਦਾ ਹੈ । ਪਸੀਨਾ ਆ ਜਾਵੇ ਤਾਂ ਹੋਰ ਚੰਗਾ ਹੈ ਕਿਉਂਕਿ ਕਈ ਤਰ੍ਹਾਂ ਦੇ ਨੁਕਸਾਨਦੇਹ ਮਲ ਦੀ ਨਿਕਾਸੀ ਹੁੰਦੀ ਹੈ । ਮਲ ਅਤੇ ਮੂਤਰ ਦੁਆਰ ਰਾਹੀਂ ਅਣਚਾਹਿਆ ਕਚੜਾ ਬਾਹਰ ਆਉਣਾ ਜ਼ਰੂਰੀ ਹੁੰਦਾ ਹੈ । ਲਗਭਗ ਸਾਰੀਆਂ ਬਿਮਾਰੀਆਂ ਸਰੀਰ ਵਿੱਚ ਜਮ੍ਹਾਂ ਹੋ ਰਹੇ ਕਚੜੇ (ਟੋਣਚਿਟਿ) ਕਰਕੇ ਹੀ ਹੁੰਦੀਆਂ ਹਨ। ਸਰੀਰ ਦੇ ਜਿਸ ਹਿੱਸੇ ਵਿੱਚ ਕਚੜਾ ਹੋਵੇਗਾ ਦਰਦਾਂ ਹੋਣਗੀਆਂ ਅਤੇ ਸਰੀਰ ਦੇ ਉਹ ਅੰਗ ਦਰਦ ਕਰਨਗੇ । ਇਸ ਕਰਕੇ ਪੇਟ ਦੀ ਸਫਾਈ ਦਾ ਖਾਸ ਧਿਆਨ ਰੱਖਿਆ ਜਾਣਾ ਅਤੀ ਜ਼ਰੂਰੀ ਹੈ । ਅਸਲ ਵਿੱਚ ਬਿਮਾਰੀਆਂ ਦੀ ਜੜ ਹੀ ਪੇਟ ਹੈ । ਪੇਟ ਸਾਫ ਸਰੀਰ ਨਿਰੋਗ।

ਮਾੜਾ ਮੋਟਾ ਬੁਖਾਰ, ਨਜ਼ਲਾ ਜ਼ੁਕਾਮ, ਵਕਤੀ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਆਦਿ ਤੋਂ ਕੋਈ ਡਰਨ ਵਾਲੀ ਗੱਲ ਨਹੀਂ ਕਿਉਂਕਿ ਇਹ ਆਉਂਦੇ ਜਾਂਦੇ ਰਹਿੰਦੇ ਹਨ ਕੋਈ ਬਿਮਾਰੀ ਨਹੀਂ ਸਗੋਂ ਕੋਈ ਵੱਡੀ ਬਿਮਾਰੀ ਨੂੰ ਰੋਕਣ ਦੀ ਕਵਾਇਦ ਹੈ । ਕੁਦਰਤ ਖੁਦ ਵੀ ਬੰਦੇ ਨੂੰ ਛੋਟੀਆਂ ਮੋਟੀਆਂ ਤਕਲੀਫਾਂ

ਨਾਲ ਲੜਨ ਵਿੱਚ ਮਦਦ ਕਰਦੀ ਹੇ । ਇਹ ਅਲਾਮਤਾਂ ਹੋਣ ਤੇ ਖੁਰਾਕ ਵਿੱਚ ਸੁਧਾਰ ਜਾਂ ਬਦਲਾਵ ਕਰਨਾ ਜ਼ਰੂਰੀ ਹੋਵੇਗਾ। ਗੋਲੀਆਂ, ਕੈਪਸੂਲ, ਟੀਕੇ, ਸਰਜਰੀ ਆਦਿ ਦੀ ਥਾਂ ਖੁਰਾਕ ਨੂੰ ਠੀਕ ਕਰੋ, ਤਕਲੀਫਾਂ ਆਪੇ ਭੱਜ ਜਾਣਗੀਆਂ। ਲੰਬੇ ਦੇਰ ਦੀ ਬਿਮਾਰੀ ਜਾਣ ਨੂੰ ਕੁੱਝ ਸਮਾ ਲਗ ਸਕਦਾ ਹੈ ।

ਸਾਫ ਸੁਥਰੇ ਵਾਤਾਵਰਣ ਵਿੱਚ ਰਹਿਣਾ ਅਤੇ ਸਾਫ ਤੇ ਤਾਜ਼ੀ ਹਵਾ ਦਾ ਸੇਵਨ ਕਰਨਾ ਸਵਸਥ ਰਹਿਣ ਲਈ ਜ਼ਰੂਰੀ ਹੈ । ਸ਼ੁੱਧ ਅਤੇ ਮਿਨਰਲ ਯੁਕਤ ਪਾਣੀ ਅਤੇ ਉੱਪਰ ਦੱਸੇ ਅਨੁਸਾਰ ਸਹੀ ਫੂਡ ਕਲਚਰ ਅਪਣਾ ਕੇ, ਚਿੰਤਾ ਰਹਿਤ ਅਤੇ ਚੜ੍ਹਦੀ ਕਲਾ ਦੀ ਮਾਨਸਿਕਤਾ ਰੱਖ ਕੇ ਬੰਦਾ ਸਹਿਜੇ ਹੀ ਨਿਰੋਗ ਜੀਵਨ ਬਸਰ ਕਰ ਸਕਦਾ ਹੈ ਅਤੇ ਅਪਣੀ ਸਿਹਤ ਅਪਣੇ ਹੱਥ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਸਕਦਾ ਹੈ

## ਸ਼ਿਕਵਾ



ਅਮਰਜੀਤ ਕੌਰ ਲਸਾੜਾ

ਔਰਤ ਬਹੁਤ ਕੁੱਝ ਹੈ। ਉਹ ਅਧਿਆਪਕਾ ਨਾ ਵੀ ਹੋਵੇ ਪਰ ਬੱਚਿਆਂ ਦੀ ਗੁਰੂ ਤਾਂ ਹੁੰਦੀ ਹੈ। ਐਮ.ਬੀ.ਏ ਪਾਸ ਨਾ ਵੀ ਹੋਵੇ ਪਰ ਘਰ ਦਾ ਸਾਰਾ ਪ੍ਰਬੰਧ ਤਾਂ ਉਹੀ ਕਰਦੀ ਹੈ। ਚਾਹੇ ਉਹ ਗਣਿਤ ਵਿਸ਼ੇ ਵਿੱਚ ਕਮਜ਼ੋਰ ਵੀ ਹੋਵੇ ਪਰ ਘਰ ਦੀਆਂ ਖੁਸ਼ੀਆਂ ਵਧਾਉਣ ਅਤੇ ਦੁੱਖ ਘਟਾਉਣ ਵਿੱਚ ਬਹੁਤ ਮਾਹਿਰ ਹੁੰਦੀ ਹੈ। ਇਹ ਸੁਣਦੇ ਆਏ ਹਾਂ ਕਿ ਅਸੀਂ ਜੋ ਦਿੰਦੇ ਹਾਂ ਉਹੀ ਮੁੜ ਕੇ ਸਾਨੂੰ ਵਾਪਿਸ ਮਿਲਦਾ ਹੈ। ਪਰ ਔਰਤ ਦੇ ਕੰਮਾਂ 'ਤੇ ਇਹ ਨਿਯਮ ਲਾਗੂ ਨਹੀਂ ਹੁੰਦਾ। ਔਰਤ ਸਭ ਨੂੰ ਪਿਆਰ, ਵਾਤਸਲ-ਪਿਆਰ ਅਤੇ ਮਮਤਾ ਵੰਡਦੀ ਹੈ, ਪਰ ਉਸ ਨੂੰ ਇਹ ਸਭ ਕੁੱਝ ਕੋਈ ਨਹੀਂ ਮੋੜਦਾ। ਘਰ ਦੀ ਸੁਆਣੀ ਦਾ ਚਾਹੇ ਬੀ.ਪੀ. ਵਧੇ, ਚਾਹੇ ਉਸ ਨੂੰ ਬੁਖਾਰ ਚੜ੍ਹੇ, ਚੁਲ੍ਹੇ 'ਤੇ ਤਵਾ ਤਾਂ ਉਹੀ ਰੱਖੇਗੀ। ਉਸ ਦਾ ਤੇਜ਼ ਬੁਖਾਰ ਵੀ ਮਾਮੂਲੀ ਜਿਹੀ ਭਖ ਹੀ ਸਮਝੀ ਜਾਂਦੀ ਹੈ। ਹੁਣ ਭਾਵੇਂ ਔਰਤ ਨੂੰ ਕਾਫੀ ਹੱਦ ਤੱਕ ਬਰਾਬਰੀ ਦਾ ਦਰਜਾ ਮਿਲ ਗਿਆ ਹੈ ਪਰ ਜਦੋਂ ਉਹ ਘਰ ਦਾ ਕੰਮ ਕਰਦਿਆਂ ਥੱਕ ਜਾਂਦੀ ਹੈ ਤਾਂ ਉਸ ਨੂੰ ਆਪਣਾ ਦਰਦ ਪ੍ਰਗਟਾਉਣ ਦਾ ਹੱਕ ਨਹੀਂ। ਉਹ ਸਭ ਦੀ ਮਨਪਸੰਦ ਦਾ ਭੋਜਨ ਬਣਾਉਂਦੀ ਹੈ ਪਰ ਕੋਈ ਨਹੀਂ ਪੁੱਛਦਾ ਕਿ ਉਸ ਨੇ ਇਹ ਭੋਜਨ ਖਾਧਾ ਹੈ ਕਿ ਨਹੀਂ? ਪਤੀ ਕਹਿੰਦਾ ਹੈ ਕਲ੍ਹ ਐਤਵਾਰ ਛੁੱਟੀ ਦਾ ਦਿਨ ਹੈ, ਕੁੱਝ ਚੰਗਾ ਜਿਹਾ ਖਾਣ ਲਈ ਬਣਾਉਣਾ। ਬੱਚੇ ਵੀ ਐਤਵਾਰ ਨੂੰ ਕੁੱਝ ਚਟਕ-ਪਟਕ ਖਾਣਾ ਚਾਹੁੰਦੇ ਹਨ। ਪਰ ਔਰਤ ਲਈ ਕੋਈ ਐਤਵਾਰ ਨਹੀਂ, ਕੋਈ ਛੁੱਟੀ ਨਹੀਂ। ਪਤਨੀ ਪਤੀ ਦੇ ਮੋਢੇ 'ਤੇ ਤੌਲੀਆ ਰੱਖੇ, ਉਸ ਨੂੰ ਟੀ.ਵੀ. ਦਾ ਰਿਮੋਟ ਫੜਾਵੇ। ਕੀ ਔਰਤ ਅਜਿਹੀ ਉਮੀਦ ਪਤੀ ਤੋਂ ਕਰ ਸਕਦੀ ਹੈ? ਆਦਮੀ ਤਾਂ ਖਾ-ਪੀ ਕੇ ਘਰੋਂ ਬਾਹਰ ਚਲੇ ਜਾਂਦੇ ਹਨ ਪਰ ਪਤਨੀ ਨੂੰ ਘਰ ਵਿੱਚ ਰਹਿ ਕੇ ਆਪਣੀ ਸੱਸ ਦੀ ਹਰ ਵਧੀਕੀ ਝੱਲਣੀ ਪੈਂਦੀ ਹੈ।

.......ਸਫਾ 26 ਦਾ ਬਾਕੀ

ਦੇ ਸਹੁਰਾ ਸ. ਬਲਵੰਤ ਸਿੰਘ ਦਿੱਲੀ ਵਿਖੇ ਗੈਰੇਜ ਇੰਜਨੀਅਰ ਸਨ ਅਤੇ ਸੈਣੀ ਬਰਾਦਰੀ ਦੇ ਸਿਰਕੱਢ ਸਰਮਾਏਦਾਰਾਂ ਵਿੱਚੋਂ ਸਨ। ਆਪ ਦੇ ਦੋ ਪੁੱਤਰ ਹਨ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੈਨਿਸ ਟੀਮ ਵਿੱਚ ਖੇਡ ਕੇ ਤਮਗੇ ਹਾਸਲ ਕਰ ਚੁੱਕੇ ਹਨ। ਸੈਣੀ ਸਾਹਿਬ ਸੇਵਾਮੁਕਤ ਹੋਣ ਉਪਰੰਤ ਪੱਕੇ ਤੌਰ 'ਤੇ ਪਟਿਆਲਾ ਸ਼ਹਿਰ ਦੇ ਵਸਨੀਕ ਬਣ ਗਏ। ਇਹ ਮਹਾਨ ਕੋਚ ਸੰਸਾਰ 90 ਸਾਲ ਤੋਂ ਕੁੱਝ ਵੱਧ ਦੀ ਗੌਰਵਮਈ ਜ਼ਿੰਦਗੀ ਭੋਗ ਕੇ 1 ਮਾਰਚ,2020 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਦੀ ਵਿਦਾਇਗੀ 'ਤੇ ਗਮਗੀਨ ਹਨ।

## ਗ਼ਜ਼ਲ



ਮਨਜੀਤ ਕੌਰ
ਅੰਬਾਲਵੀ

ਬਦਲ ਦਿੱਤੇ ਨਕਸ਼ ਲੋਕਾਂ, ਵਕਤ ਦੇ ਨੇ ਇਸ ਕਦਰ,
ਜ਼ਿੰਦਗੀ ਤੋਂ ਬੇਵਜ੍ਹਾ ਹੁੰਦਾ ਖਫ਼ਾ ਹੈ ਹਰ ਬਸ਼ਰ।

ਸੋਚ ਕੇ ਜੇ ਚੀਰਦਾ ਤੂੰ ਜ਼ਿੰਦਗੀ ਦਾ ਹਰ ਪੜਾਅ,
ਅਰਥਹੀਣਾ ਭਾਸਦਾ ਨਾ ਦਰਦ ਦਾ ਲੰਮਾ ਸਫ਼ਰ।

ਰੀਝ ਵੀ ਹੈ, ਸੋਚ ਵੀ ਹੈ ਲਰਜ਼ਦੀ ਇੱਕ ਹੇਕ ਵੀ,
ਬੇਬਸੀ ਦਾ ਸਿਲਸਿਲਾ ਹੁੰਦਾ ਨਹੀਂ ਮੈਥੋਂ ਨਸ਼ਰ।

ਸੋਚਦੀ ਹਾਂ ਕਦੇ ਝੁਰਮਟ ਬਹਾਰਾਂ ਦਾ ਆ ਪਵੇ,
ਇਸ ਖ਼ਿਜ਼ਾਂ ਦੀ ਰੁੱਤ ਵਿੱਚ ਹੁਣ ਵਕਤ ਨਾ ਹੁੰਦਾ ਬਸਰ।

ਹਰ ਖੁਸ਼ੀ ਹਰ ਕਾਮਯਾਬੀ ਸਿਰੜ ਦਾ ਹੁੰਦਾ ਸਬੂਤ,
ਐ ਦਿਲਾ ਤੁਰਿਆ ਵੀ ਚੱਲ ਤੁਰਿਆਂ ਹੀ ਬਣਦੀ ਹੈ ਡਗਰ।

ਖ਼ੂਨ ਤੇ ਸਰਹੱਦ ਦਾ ਰਿਸ਼ਤਾ ਬੜਾ ਬੇਜੋੜ ਹੈ,
ਯਾ ਖ਼ੁਦਾ ! ਸਰਹੱਦ 'ਤੇ ਰੱਖੀਂ ਜ਼ਰਾ ਅਪਣੀ ਨਜ਼ਰ।

ਜਤਨ ਹੈ 'ਮਨਜੀਤ' ਦਾ ਹਰ ਮੋੜ 'ਤੇ ਬਲ਼ਦੀ ਰਵ੍ਹਾਂ,
ਨੇਰ੍ਹਿਆਂ ਦਾ ਹੋ ਸਕੇ ਸ਼ਾਇਦ ਕੋਈ ਧੀਮਾ ਅਸਰ।

ਜੋ ਸੋਚ ਨਹੀਂ ਸਕਦਾ, ਉਹ ਮੂਰਖ ਹੈ।
ਜੋ ਸੋਚਣਾ ਨਹੀਂ ਚਾਹੁੰਦਾ, ਉਹ ਅੰਧਵਿਸ਼ਵਾਸੀ ਹੈ।
ਜੋ ਸੋਚਣ ਦਾ ਹੌਸਲਾ ਨਹੀਂ ਕਰਦਾ, ਉਹ ਗੁਲਾਮ ਹੈ।

-ਸੁਕਰਾਤ

ਅੱਖੀਂ ਦੇਖੀ

## ਖੁਸ਼ ਲੋਕਾਂ ਦੀ ਧਰਤੀ - ਭੂਟਾਨ

**ਅਜਮੇਰ ਸਿੰਘ (ਡਾ.)**
ਸੈਣੀ ਭਵਨ ਰੂਪਨਗਰ



ਭਾਰਤ ਦੀ ਉੱਤਰੀ ਸੀਮਾਂ ਨਾਲ ਲਗਦਾ ਦੇਸ਼, ਭੂਟਾਨ ਵਿਸ਼ਵ ਦੇ ਖੁਸ਼ਹਾਲ ਮੁਲਕਾਂ ਵਿੱਚ ਸ਼ਾਮਿਲ ਹੈ। ਸਰਮਾਏਦਾਰ ਦੇਸ਼ਾਂ ਵਲੋਂ ਖੁਸ਼ਹਾਲੀ ਦੇ ਮਾਨਤਾਪ੍ਰਾਪਤ ਮਾਪਦੰਡ,'ਕੁੱਲ ਰਾਸ਼ਟਰੀ ਪੈਦਾਵਾਰ (GDP) ਅਨੁਸਾਰ ਤਾਂ ਭਾਵੇਂ ਇਹ ਦੇਸ਼ 156 ਦੇਸ਼ਾਂ ਵਿੱਚ 130ਵੇਂ ਸਥਾਨ 'ਤੇ ਹੈ ਪਰ ਇੱਥੋਂ ਦੇ ਲੋਕ ਜੀਵਨ ਵਿੱਚ ਸੰਤੁਸ਼ਟ ਅਤੇ ਖੁਸ਼ ਹਨ। ਕਿਸੇ ਦੇਸ਼ ਦੀ ਖੁਸ਼ਹਾਲੀ ਨੂੰ ਮਾਪਣ ਦਾ ਨਵੇਕਲਾ ਢੰਗ,'ਕੁੱਲ ਰਾਸ਼ਟਰੀ ਖੁਸ਼ੀ (GNH)'ਭੂਟਾਨ ਨੇ 1972 ਵਿੱਚ ਦੁਨੀਆਂ ਸਾਹਮਣੇ ਪੇਸ਼ ਕੀਤਾ। ਇਸ ਅਨੁਸਾਰ ਕਿਸੇ ਦੇਸ਼ ਦੀ ਆਰਥਿਕ ਤਰੱਕੀ ਦੇ ਨਾਲ ਨਾਲ ਕੁਦਰਤੀ ਵਾਤਾਵਰਨ ਤੇ ਸੱਭਿਆਚਾਰ ਦੀ ਸਾਂਭ-ਸੰਭਾਲ, ਲੋਕਾਂ ਦੀ ਮਾਨਸਿਕ ਸਿਹਤ ਤੇ ਰੂਹਾਨੀ ਸਿੱਖਿਆ ਦਾ ਵਿਕਾਸ ਅਤੇ ਚੰਗਾ ਰਾਜ-ਪ੍ਰਬੰਧ ਅਤਿ ਜ਼ਰੂਰੀ ਹਨ। ਖੁਸ਼ਹਾਲੀ ਦੇ ਇਸ ਫਾਰਮੂਲੇ ਨੂੰ ਭੂਟਾਨ ਦੀ ਸਰਕਾਰ ਨੇ 2008 ਵਿੱਚ ਦੇਸ਼ ਦੇ ਸੰਵਿਧਾਨ ਵਿੱਚ ਮੁਢਲੇ ਅਧਿਕਾਰ ਵਜੋਂ ਸ਼ਾਮਿਲ ਕਰ ਲਿਆ ਸੀ। ਵਿਸ਼ਵ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਪੂਰੀ ਘੋਖ ਪੜਤਾਲ ਉਪਰੰਤ ਯੂ.ਐਨ.ਓ. ਨੇ 2011 ਵਿੱਚ ਇਸ ਨੂੰ ਮਾਨਤਾ ਦੇ ਦਿੱਤੀ ਅਤੇ 22 ਮਾਰਚ ਨੂੰ 'ਅੰਤਰਰਾਸ਼ਟਰੀ ਖੁਸ਼ੀ ਦਿਨ' ਐਲਾਨ ਦਿੱਤਾ ਗਿਆ। ਯੂ.ਐਨ.ਓ ਦੀ 2019 ਦੀ ਰਾਸ਼ਟਰੀ ਖੁਸ਼ੀ ਸੂਚਕ ਰਿਪੋਰਟ ਅਨੁਸਾਰ ਫਿਨਲੈਂਡ, ਨਾਰਵੇ ਤੇ ਡੈਨਮਾਰਕ ਪਹਿਲੇ ਤਿੰਨ ਸਥਾਨਾਂ 'ਤੇ ਹਨ ਜਦੋਂਕਿ ਭੂਟਾਨ 57ਵੇਂ ਨੰਬਰ 'ਤੇ ਅਤੇ ਭਾਰਤ 140ਵੇਂ ਸਥਾਨ 'ਤੇ ਹੈ।

ਇਸ ਦੇਸ਼ ਨੂੰ ਦੇਖਣ ਦਾ ਸੁਭਾਗ ਦਸੰਬਰ, 2019 ਦੇ ਤੀਜੇ ਹਫਤੇ ਹੋਇਆ ਜਦੋਂ ਪੰਜਾਬ ਠੰਢ ਨਾਲ ਕੰਬ ਰਿਹਾ ਸੀ। ਇਸ ਲਈ ਕੁੱਝ ਸ਼ੁੱਭਚਿੰਤਕਾਂ ਨੇ ਅਜਿਹੇ ਸਮੇਂ ਪਹਾੜੀ ਸਥਾਨ 'ਤੇ ਨਾ ਜਾਣ ਦੀ ਸਲਾਹ ਦਿੱਤੀ। ਪਰ ਸਾਰੀਆਂ ਬੁਕਿੰਗ ਹੋ ਚੁੱਕੀਆਂ ਸਨ ਇਸ ਲਈ ਅਸੀਂ, ਯੂਨੀਕ ਕਲੱਬ ਦੇ 35 ਮੈਂਬਰ ਭਾਰੇ ਗਰਮ ਕੱਪੜਿਆਂ ਨਾਲ ਅਟੈਚੀ ਭਰ ਕੇ ਆਪਣੀ ਮੰਜ਼ਿਲ ਵੱਲ ਚੱਲ ਪਏ। ਰੂਪਨਗਰ ਤੋਂ ਦਿੱਲੀ ਤੱਕ ਰੇਲਗੱਡੀ ਰਾਹੀਂ ਅਤੇ ਅੱਗੇ ਹਵਾਈ ਜਹਾਜ਼ ਰਾਹੀਂ। ਭੂਟਾਨ ਜਾਣ ਲਈ ਵੀਜ਼ੇ ਦੀ ਲੋੜ ਨਹੀਂ।ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਵਿਦੇਸ਼ ਜਾਣ ਲਈ ਸਾਰੀਆਂ ਜ਼ਰੂਰੀ ਕਾਰਵਾਈਆਂ ਉਪਰੰਤ ਅਸੀਂ ਰਾਇਲ ਭੂਟਾਨ ਏਅਰਲਾਈਨਜ਼ ਦੇ (drukair) ਜਹਾਜ਼ ਵਿੱਚ ਸਵਾਰ ਹੋ ਗਏ ਜੋ ਦਿਨੇ 12 ਵਜੇ ਉੜਿਆ ਅਤੇ ਕੁੱਝ ਮਿੰਟਾਂ ਵਿੱਚ ਹੀ ਬੱਦਲਾਂ ਨੂੰ ਪਾਰ ਕਰ ਕੇ 25000 ਫੁੱਟ ਦੀ ਉਚਾਈ 'ਤੇ 425 ਮੀਲ ਪ੍ਰਤਿ ਘੰਟਾ ਦੀ ਸਪੀਡ ਨਾਲ ਭੱਜਣ ਲੱਗਾ। ਜਹਾਜ਼ ਦੀ ਖਿੜਕੀ ਰਾਹੀਂ ਬਾਹਰ ਦੇਖਿਆ ਤਾਂ ਨੀਚੇ ਹਰੇ ਮੈਦਾਨ ਵਿੱਚ ਕਪਾਹ ਦੇ ਛੋਟੇ ਛੋਟੇ ਚਿੱਟੇ ਢੇਰ ਜਿਹੇ ਲੱਗੇ ਦਿਸ ਰਹੇ ਸਨ, ਜਹਾਜ਼ ਹੋਰ ਉਚਾ ਹੋਇਆ ਤਾਂ ਇਹ ਢੇਰ ਵੱਡੇ ਹੋ ਗਏ ਅਤੇ ਜਦੋਂ ਜਹਾਜ਼ 38000 ਫੁੱਟ ਉੱਚਾ ਹੋ ਗਿਆ ਤਾਂ ਨੀਚੇ ਚਿੱਟੀ ਚਾਦਰ ਵਿਛੀ ਨਜ਼ਰ ਆਈ। ਕਰੀਬ ਦੋ ਘੰਟੇ ਬਾਅਦ 500 ਮੀਲ ਦਾ ਸਫਰ ਤੈਅ ਕਰਕੇ ਸਾਡਾ ਜਹਾਜ਼ ਨੀਚੇ ਉਤਰਨ ਲੱਗਾ ਤਾਂ ਕਈ ਕਈ ਮੰਜ਼ਲੀ ਇਮਾਰਤਾਂ ਅਤੇ ਬੜੀ ਸੰਘਣੀ ਆਬਾਦੀ ਵਾਲਾ ਸ਼ਹਿਰ ਨਜ਼ਰ ਆਉਣ ਲੱਗਾ। ਇਹ ਨਿਪਾਲ ਦੀ ਰਾਜਧਾਨੀ, ਕਾਠਮੰਡੂ ਸੀ। ਇੱਥੋਂ ਕੁੱਝ ਸਵਾਰੀਆਂ ਉਤਾਰ-ਚੜ੍ਹਾ ਕੇ ਜਹਾਜ਼ ਮੁੜ ਉਡਾਰੀਆਂ ਮਾਰਨ ਲੱਗਾ। ਬਾਹਰ ਹਿਮਾਲੀਆ ਪਹਾੜ ਦੀਆਂ ਬਰਫ ਲੱਦੀਆਂ ਪਹਾੜੀਆਂ ਖੂਬਸੂਰਤ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਸ਼ਾਮ ਦੇ 4 ਕੁ ਵਜੇ ਅਸੀਂ ਕਾਠਮੰਡੂ ਤੋਂ ਲੱਗਭੱਗ 280 ਮੀਲ ਦੂਰ ਭੂਟਾਨ ਦੇ ਇਕਲੌਤੇ ਹਵਾਈ ਅੱਡੇ ਪਾਰੋ 'ਤੇ ਜਾ ਉੱਤਰੇ। ਛੋਟੇ ਜਿਹੇ ਦਰਿਆ ਕੰਢੇ ਸਥਿਤ ਇੱਕ ਹੀ ਟਰਮੀਨਲ ਵਾਲੇ ਏਅਰਪੋਰਟ ਵਿੱਚ ਖੜ੍ਹੇ ਦੋ ਜਹਾਜ਼ ਅਤੇ ਤੀਜਾ ਸਾਡਾ, ਕੋਈ ਭੀੜ-ਭੜੱਕਾ ਨਹੀਂ, ਕੋਈ ਚੈਕਿੰਗ ਨਹੀਂ, ਸਭ ਪਾਸੇ ਸ਼ਾਂਤੀ। ਬਾਹਰ ਨਿਕਲਦਿਆਂ ਬੁੱਧ ਧਰਮ ਦੀਆਂ ਰਵਾਇਤਾਂ ਨਾਲ ਸਾਡਾ ਸਨਮਾਨ ਕੀਤਾ ਗਿਆ।



ਪਹਿਲਾਂ ਹੀ ਬਣੇ ਪ੍ਰੋਗਰਾਮ ਅਨੁਸਾਰ ਅਸੀਂ ਭੂਟਾਨ ਟੂਰਿਜ਼ਮ ਦੀਆਂ ਦੋ ਬੱਸਾਂ ਵਿੱਚ ਬੈਠ ਕੇ ਥਿੰਪੂ ਸ਼ਹਿਰ ਵੱਲ ਚੱਲ ਪਏ।ਇਹ ਸ਼ਹਿਰ ਭੂਟਾਨ ਦੀ ਰਾਜਧਾਨੀ ਅਤੇ ਦੇਸ਼ ਦੇ 20 ਜ਼ਿਲਿਆਂ ਵਿੱਚੋਂ ਇੱਕ ਹੈ। ਸਰਕਾਰ ਵਲੋਂ ਨਿਯਤ ਕੀਤੇ ਦੋ ਸਿਖਲਾਈਪ੍ਰਾਪਤ ਗਾਈਡ ਵੀ ਸਾਡੇ ਨਾਲ ਸਨ। ਸੂਰਜ ਪਹਾੜੀਆਂ ਪਿੱਛੇ ਛੁਪ ਕੇ ਹਨੇਰ੍ਹੇ ਨੂੰ ਸੱਦਾ ਦੇਣ ਵਾਲਾ ਸੀ। ਭੂਟਾਨ ਦਾ ਸਮਾਂ ਭਾਰਤ ਨਾਲੋਂ ਅੱਧਾ ਕੁ ਘੰਟਾ ਅੱਗੇ ਹੈ। ਸਵਾ ਕੁ ਘੰਟੇ ਬਾਅਦ ਅਸੀਂ 50 ਕਿਲੋਮੀਟਰ ਦੂਰ ਥਿੰਪੂ ਸ਼ਹਿਰ ਪਹੁੰਚ ਗਏ ਜਿੱਥੇ ਦਰਿਆ ਵਾਂਗਸ਼ੂ ਦੇ ਕਿਨਾਰੇ ਰਾਇਲ ਹੋਟਲ, ਟਰਮੇਲੀਆ ਵਿਚ ਦੋ ਰਾਤਾਂ ਗੁਜ਼ਾਰੀਆਂ ਅਤੇ ਥਿੰਪੂ ਸ਼ਹਿਰ ਦੇ ਪ੍ਰਸਿੱਧ ਸਥਾਨ ਦੇਖੇ। ਸਮੁੰਦਰੀ ਤੱਟ ਤੋਂ ਔਸਤਨ 2500 ਮੀਟਰ ਦੀ ਉਚਾਈ 'ਤੇ ਵਸਿਆ ਅਤੇ 26 ਵਰਗ ਕਿਲੋਮੀਟਰ ਖੇਤਰ ਵਿਚ ਫੈਲਿਆ, ਭੂਟਾਨ ਦਾ ਸਭ ਤੋਂ ਵੱਧ ਆਬਾਦੀ (1 ਲੱਖ ਤੋਂ ਕੁੱਝ ਵੱਧ) ਵਾਲਾ ਸ਼ਹਿਰ ਥਿੰਪੂ,

ਦੁਨੀਆਂ ਦੀ 5ਵੀਂ ਸਭ ਤੋਂ ਉੱਚੀ ਰਾਜਧਾਨੀ ਹੈ। ਭੂਟਾਨ ਸਰਕਾਰ, ਸੰਵਿਧਾਨਕ ਰਾਜਾਸ਼ਾਹੀ ਅਤੇ ਲੋਕਤੰਤਰ ਦੀ ਦੋਹਰੀ ਸ਼ਾਸਨ ਪ੍ਰਣਾਲੀ ਹੈ। ਨੈਸ਼ਨਲ ਕੌਂਸਲ ਦੇ 25 ਚੁਣੇ ਹੋਏ ਲੋਕ ਨੁਮਾਇੰਦਿਆਂ ਅਤੇ ਨੈਸ਼ਨਲ ਅਸੈਂਬਲੀ ਵਿੱਚ ਰਾਜਨੀਤਿਕ ਪਾਰਟੀਆਂ ਦੇ 47 ਮੈਂਬਰਾਂ ਵਿੱਚੋਂ ਬਣਾਈ ਗਈ ਕੌਂਸਲ ਆਫ ਮਨਿਸਟਰਜ਼, ਪ੍ਰਧਾਨ ਮੰਤਰੀ ਦੀ ਅਗਵਾਈ ਅਧੀਨ ਰਾਜਭਾਗ ਚਲਾਉਂਦੀ ਹੈ। ਇਸ ਸਮੇਂ ਜਿਗਮੇ ਖੇਸਾਰ ਨਮਗੇਲ ਵਾਂਗਸ਼ੁਕ ਰਾਜਾ ਹੈ ਅਤੇ ਲੋਟੇ ਸ਼ਰਿੰਗ ਪ੍ਰਧਾਨ ਮੰਤਰੀ ਹਨ। ਕਰੀਬ ਸਾਢੇ ਕੁ ਸੱਤ ਲੱਖ ਲੋਕਾਂ ਅਤੇ 38400 ਵਰਗਕਿਲੋਮੀਟਰ ਖੇਤਰ ਵਾਲੇ ਇਸ ਦੇਸ਼ ਦੀ ਪਾਰਲੀਮੈਂਟ, ਸੁਪਰੀਮ ਕੋਰਟ ਅਤੇ ਸੈਕਰੇਟ੍ਰੀਏਟ ਦੀਆਂ ਇਮਾਰਤਾਂ ਪੰਜਾਬ ਨਾਲੋਂ ਵੀ ਛੋਟੀਆਂ ਹਨ। ਇਸ ਸ਼ਹਿਰ ਤੋਂ ਕੁੱਝ ਦੂਰੀ 'ਤੇ ਪਹਾੜੀ ਉੱਤੇ ਮਹਾਤਮਾ ਬੁੱਧ ਦਾ ਤਾਂਬੇ ਦਾ ਬਣਿਆਂ ਅਤੇ ਸੋਨੇ ਦੀ ਝਾਲ ਵਾਲਾ 54 ਮੀਟਰ ਉੱਚਾ ਬੁੱਤ ਯਾਤਰੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇਸ ਵਿੱਚ ਬੁੱਧ ਦੀਆਂ 1000 ਛੋਟੀਆਂ ਮੂਰਤੀਆਂ ਹਨ। ਇਹ 2015 ਵਿੱਚ 47 ਮਿਲੀਅਨ ਅਮਰੀਕਨ ਡਾਲਰ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਰਾਸ਼ਟਰੀ ਖੇਡ, ਤੀਰਅੰਦਾਜ਼ੀ ਦਾ ਸਟੇਡੀਅਮ ਅਤੇ ਵਿਰਾਸਤੀ ਮਿਊਜ਼ੀਅਮ ਇਸ ਸ਼ਹਿਰ ਦੇ ਹੋਰ ਵੇਖਣਯੋਗ ਸਥਾਨ ਹਨ।

ਅਗਲੇ ਦਿਨ ਅਸੀਂ ਇਸ ਦੇਸ਼ ਦੀ ਪੁਰਾਣੀ ਰਾਜਧਾਨੀ ਪੁਨਾਖਾ ਲਈ ਚੱਲ ਪਏ। ਥਿੰਪੂ ਤੋਂ 85 ਕਿਲੋਮੀਟਰ ਦੂਰ ਹੈ ਇਹ ਸ਼ਹਿਰ। ਰਾਸਤੇ ਵਿੱਚ 3100 ਮੀਟਰ ਉਚਾਈ 'ਤੇ ਬਰਫ ਕੱਜੀਆਂ ਹਿਮਾਲੀਆ ਚੋਟੀਆਂ ਵਿਚਕਾਰ ਸਥਾਨ ਦੁਕਾਲਾ ਪਾਸ (ਦਰਾ) ਹੈ ਜਿੱਥੋਂ ਭੂਟਾਨ ਵਿੱਚ ਸਥਿਤ ਵਿਸ਼ਵ ਦੀ ਸਭ ਤੋਂ ਉੱਚੀ ( 24836 ਫੁੱਟ) ਅਜਿੱਤ ਪਹਾੜੀ ਚੋਟੀ, ਗੰਗਕਰ ਪੁਏਨਸੰਮ ਸਾਫ ਦਿਖਾਈ ਦਿੰਦੀ ਹੈ। ਇੱਥੇ ਹੀ ਸਾਲ 2003 ਵਿੱਚ ਆਸਾਮੀ ਘੁਸਪੈਠੀਆਂ ਨਾਲ ਹੋਈ ਜੰਗ ਸਮੇਂ ਸ਼ਹੀਦ ਹੋਏ ਜਵਾਨਾਂ ਨੂੰ ਸਮਰਪਿਤ 108 ਯਾਦਗਾਰਾਂ( CHORTENS) ਅਤੇ ਪਹਾੜੀ 'ਤੇ 7 ਪੱਕੀਆਂ ਝੌਂਪੜੀਆਂ ਵਿੱਚ ਮੂਰਤੀਆਂ ਬਣੀਆਂ ਹਨ ਜਿਨ੍ਹਾਂ ਨੂੰ Huts Of Gods Of Wisdom ਕਿਹਾ ਜਾਂਦਾ ਹੈ। ਇੱਥੇ ਸਭ ਪਾਸੇ ਬਰਫ ਪਈ ਹੋਣ ਕਾਰਨ ਕੜਾਕੇ ਦੀ ਠੰਢ ਸੀ। ਰਾਸਤੇ ਵਿੱਚ ਸਾਡੇ ਪਾਸੋਂ ਤਿੰਨ ਕਾਲੀਆਂ ਕਾਰਾਂ ਦਾ ਕਾਫਲਾ ਲੰਘਣ ਲੱਗਾ ਤਾਂ ਗਾਈਡ ਨੇ ਦੱਸਿਆ ਕਿ ਸ਼ਾਹੀ ਪਰਿਵਾਰ ਜਾ ਰਿਹਾ ਹੈ। ਨਾ ਕੋਈ ਪੁਲਿਸ ਦੀ ਗੱਡੀ, ਨਾ ਕੋਈ ਹਾਰਨ, ਨਾ ਕੋਈ ਆਵਾਜਾਈ ਵਿੱਚ ਰੋਕ ਪਈ। ਢਾਈ ਕੁ ਘੰਟੇ ਦਾ ਸਫਰ ਕਰ ਕੇ ਅਸੀਂ ਪੁਨਾਖਾ ਪਹੁੰਚ ਗਏ ਅਤੇ ਗਰੀਨ ਰਿਜ਼ੋਰਟ ਹੋਟਲ ਵਿੱਚ ਜਾ ਡੇਰੇ ਲਾਏ। ਬਹੁਤੇ ਥੱਕੇ ਨਹੀਂ ਸਾਂ, ਇਸ ਲਈ ਪੰਜ ਕੁ ਕਿਲੋਮੀਟਰ ਦੂਰ ਚਿੰਮ ਲਖਾਂਗ ਮੋਨਾਸਟਰੀ(ਮੰਦਰ) ਜਾਣ ਦਾ ਫੈਸਲਾ ਹੋਇਆ। ਇਹ ਕਿਲੋਮੀਟਰ ਕੁ ਪੈਦਲ ਚੜ੍ਹਾਈ ਸੀ ਜੋ ਅਸੀਂ ਸੌਖਿਆਂ ਹੀ ਚੜ੍ਹ ਗਏ। ਇਹ ਮੋਨਾਸਟਰੀ ਪੰਦਰ੍ਹਵੀਂ ਸਦੀ ਦੇ ਬੋਧੀ ਮਹਾਤਮਾ ਦਰੁਕਪਾ ਕੁਨਲੇ, ਜਿਸ ਨੂੰ 'ਪਾਗਲ ਸੰਤ' ਕਿਹਾ ਜਾਂਦਾ ਸੀ, ਦੀ ਯਾਦ ਵਿੱਚ ਬਣਾਇਆ ਗਿਆ ਹੈ। ਬੁਧ ਧਰਮ ਦਾ ਇਹ ਪ੍ਰਚਾਰਕ ਸਥਾਪਤ ਨਿਯਮਾਂ ਦਾ ਮਖੌਲ ਕਰਦਿਆਂ ਅਜੀਬ ਹਰਕਤਾਂ ਕਰਿਆ ਕਰਦਾ ਸੀ। ਉਸ ਨੇ ਬੁੱਧ ਧਰਮ ਵਿੱਚ ਫਾਲੁਸ (Phallus) ਦੀ ਪੂਜਾ ਦਾ ਆਰੰਭ ਕੀਤਾ, ਜਿਸ ਕਾਰਨ ਇੱਥੇ ਸਾਰੀਆਂ ਇਮਾਰਤਾਂ 'ਤੇ ਫਾਲੂਸ ਦੇ ਚਿੱਤਰ ਬਣੇ ਦਿਸਦੇ ਹਨ। ਇਸ ਕਾਰਨ ਉਸ ਨੂੰ 'ਜਨਣ ਸੰਤ' ਵੀ ਕਿਹਾ ਜਾਂਦਾ ਹੈ। ਦੂਜੇ ਦਿਨ ਅਸੀਂ ਪੁਨਾਖਾ ਦਜ਼ੋਂਗ ( ਮਹਾਂਖੁਸ਼ੀ ਦਾ ਮਹੱਲ) ਦੇਖਣ ਨਿਕਲੇ। ਭੂਟਾਨ ਦੀ ਇਹ ਸਭ ਤੋਂ ਪੁਰਾਣੀ 1637 ਵਿੱਚ ਬਣੀ ਮੋਨਾਸਟਰੀ (ਕਿਲਾ) ਹੈ। ਸੰਨ 1955 ਤੱਕ ਇਹ ਭੂਟਾਨ ਸਰਕਾਰ ਦਾ ਹੈਡਕੁਆਰਟਰ ਸੀ। ਇਥੇ ਦੋ ਦਰਿਆਵਾਂ-ਫੋ ਸ਼ੂ(ਨਰ) ਅਤੇ ਮੋ ਸ਼ੂ(ਨਾਰੀ) ਮਿਲ ਕੇ ਪੁਨਾ ਸਾਂਗ ਸ਼ੂ (ਸੰਤੋਸ਼ ਰਿਵਰ) ਬਣ ਜਾਂਦਾ ਹੈ ਜੋ ਅੱਗੇ ਜਾ ਕੇ ਬ੍ਰਹਮਪੁੱਤਰ ਦਰਿਆ ਵਿੱਚ ਪੈ ਜਾਂਦਾ ਹੈ।ਪੁਨਾਖ ਵਾਦੀ ਵਿੱਚ ਚਾਵਲ ਅਤੇ ਸਬਜ਼ੀਆਂ ਦੀ ਭਰਪੂਰ ਫਸਲ ਹੁੰਦੀ ਹੈ।

ਅਗਲੇ ਦੋ ਦਿਨ ਅਸੀਂ ਪਾਰੋ ਸ਼ਹਿਰ ਅਤੇ ਇਸ ਦੇ ਆਸਪਾਸ ਸੁੰਦਰ ਕੁਦਰਤੀ ਨਜ਼ਾਰੇ ਵੇਖਦਿਆਂ ਬਿਤਾਏ। ਇੱਥੇ ਰਾਸ਼ਟਰੀ ਮਿਊਜ਼ੀਅਮ ਵੇਖਣ ਨਾਲ ਭੂਟਾਨ ਦੀ ਜੈਵਿਕ ਅਮੀਰੀ ਦੇ ਦਰਸ਼ਨ ਹੋਏ। ਭੂਟਾਨ ਦਾ 70% ਖੇਤਰ ਜੰਗਲਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿੱਚ 5400 ਕਿਸਮ ਦੇ ਦਰਖਤ/ਬੂਟੇ ਅਤੇ ਚੀਤਾ, ਗੈਂਡਾ, ਪਾਂਡਾ, ਹਾਥੀ ਸਮੇਤ 700 ਹੋਰ ਨਸਲਾਂ ਦੇ ਜਾਨਵਰ ਤੇ ਪੰਛੀ ਜੀਵਨ ਬਸਰ ਕਰਦੇ ਹਨ। ਇਸ ਦੇਸ਼ ਦਾ ਰਾਸ਼ਟਰੀ ਜਾਨਵਰ, ਟਕਿਨ( ਗਾਂ ਤੇ ਬੱਕਰੀ ਦਾ ਸੁਮੇਲ), ਰਾਸ਼ਟਰੀ ਪੰਛੀ, ਰੇਵਨ(ਕਾਂ ਵਰਗਾ) ਅਤੇ ਰਾਸ਼ਟਰੀ ਦਰਖਤ, ਸਾਈਪ੍ਰੈਸਸ ਹੈ ਜਿਸ ਦੀ ਔਸਤ ਉਚਾਈ 45 ਮੀਟਰ ਹੁੰਦੀ ਹੈ। ਇਸ ਸ਼ਹਿਰ ਤੋਂ 7-8 ਕਿਲੋਮੀਟਰ ਦੂਰ ਕੁੱਝ ਉਚਾਈ 'ਤੇ ਸੰਨ 1649 ਦਾ ਬਣਿਆਂ ਇੱਕ ਕਿਲਾ 'ਡਰੱਕਜਿਆਲ ਜੋਂਗ' ਹੈ ਜੋ 1950 ਵਿੱਚ ਅੱਗ ਨਾਲ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ ਅਤੇ ਹੁਣ ਦੋਬਾਰਾ ਉਸਾਰੀਅਧੀਨ ਹੈ। ਅਸੀਂ ਕੁੱਝ ਸਮਾਂ ਝਰਨਿਆਂ ਤੋਂ ਆਉਂਦੇ ਸਵੱਛ ਪਾਣੀ ਨਾਲ ਅਠਖੇਲੀਆਂ ਕਰਦਿਆਂ ਬਿਤਾਇਆ। ਠੰਢ ਵੀ ਹੱਡਚੀਰਵੀਂ ਨਹੀਂ ਸੀ, ਦਿਨ ਵੇਲੇ ਧੁੱਪ ਨਿਕਲਦੀ ਸੀ।ਨਾ ਮੀਂਹ ਪਿਆ ਤੇ ਨਾ ਹੀ ਧੁੰਦ।ਇਸ ਲਈ ਸਾਡੇ ਬਹੁਤੇ ਗਰਮ ਕੱਪੜੇ ਅਣਵਰਤੇ ਹੀ ਰਹਿ ਗਏ।

ਦੂਜੇ ਦਿਨ ਸਵੇਰੇ ਅਸੀਂ 7.30 ਵਜੇ ਭੂਟਾਨ ਨੂੰ ਅਲਵਿਦਾ ਕਹਿੰਦਿਆਂ ਰਾਇਲ ਏਅਰਲਾਈਨਜ਼ ਦੇ ਜਹਾਜ਼ ਰਾਹੀਂ ਆਪਣੇ ਵਤਨ ਵੱਲ ਚਾਲੇ ਪਾ ਦਿੱਤੇ। ਜਦੋਂ ਜਹਾਜ਼ 35000 ਫੁੱਟ ਦੀ ਉਚਾਈ 'ਤੇ ਉਡ ਰਿਹਾ ਸੀ ਤਾਂ ਅਨਾਊਂਮੈਂਟ ਹੋਈ 'ਤੁਸੀਂ ਸੰਸਾਰ ਦੀ ਸਭ ਤੋਂ ਉੱਚੀ (29000 ਫੁੱਟ) ਚੋਟੀ ਮਾਊਂਟ ਐਵਰੈਸਟ ਪਾਸੋਂ ਲੰਘ ਰਹੇ ਹੋ'। ਮੈਂ ਬਾਹਰ ਝਾਤ ਮਾਰੀ। ਸੂਰਜ ਦੀ ਰੋਸ਼ਨੀ ਨਾਲ ਚਾਂਦੀ ਰੰਗੀ ਲਿਸ਼ਕ

ਮਾਰਦੀ ਬਰਫਲੱਦੀ ਪਹਾੜੀ ਚੋਟੀ ਸਾਡੇ ਬਿਲਕੁਲ ਨਜ਼ਦੀਕ ਸੀ। ਸੋਚਿਆ, 'ਉਂਜ ਤਾਂ ਇਹ ਨਖਰੇਬਾਜ਼ ਲਾਗੇ ਨਹੀਂ ਲੱਗਣ ਦਿੰਦੀ, ਹੁਣ ਇਸ ਦੇ ਸਿਰ ਉੱਪਰੋਂ ਦੀ ਲੰਘ ਰਹੇ ਹਾਂ'। ਇਨ੍ਹਾਂ ਛੇ ਦਿਨਾਂ ਵਿੱਚ ਅਸੀਂ ਪੱਛਮੀ ਭੂਟਾਨ ਦੇ ਤਿੰਨ ਸ਼ਹਿਰਾਂ ਦੇ ਲੋਕਾਂ ਨੂੰ ਬਹੁਤ ਨੇੜਿਓਂ ਦੇਖਿਆ ਜਾਣਿਆ। ਦੋ ਘੰਟੇ ਬਾਅਦ ਅਸੀਂ ਦਿੱਲੀ ਪੁੱਜ ਗਏ ਜੋ ਧੁੰਦ, ਠੰਢ ਤੇ ਰੌਲੇਰੱਪੇ ਨਾਲ ਬੇਹਾਲ ਸੀ।

ਮੈਂ ਮਹਿਸੂਸ ਕੀਤਾ ਕਿ ਭੂਟਾਨ ਦੇ ਲੋਕ ਇੰਨਾ ਸਾਦਾ ਜੀਵਨ ਬਸਰ ਕਰਦਿਆਂ ਵੀ ਸਾਡੇ ਨਾਲੋਂ ਵੱਧ ਸ਼ਾਂਤ, ਖੁਸ਼ ਤੇ ਅਨੁਸ਼ਾਸਨ ਪਸੰਦ ਹਨ। ਉੱਥੇ ਆਰਥਿਕ ਪੱਖੋਂ ਅਮੀਰ ਦੇਸ਼ਾਂ ਵਾਲੀਆਂ ਸੁਖ-ਸਹੂਲਤਾਂ ਨਹੀਂ ਹਨ ਪਰ ਇਸ ਦੇ ਬਾਵਜੂਦ ਉਹ ਲੋਕ ਮਿਠਬੋਲੜੇ, ਮਿਲਾਪੜੇ, ਠਰ੍ਹਮੇਵਾਲੇ ਅਤੇ ਨਿਯਮਾਂ ਦੇ ਪਾਬੰਦ ਹਨ। ਆਮ ਤੌਰ 'ਤੇ ਲੜਕੀਆਂ ਹੀ ਹੋਟਲਾਂ ਅਤੇ ਏਅਰਪੋਰਟ 'ਤੇ ਕੰਮ ਕਰਦੀਆਂ ਵੇਖੀਆ ਗਈਆਂ। ਲੋਕ ਸ਼ਾਕਾਹਾਰੀ ਹਨ। ਪਾਣੀ, ਹਵਾ, ਜ਼ਮੀਨ ਤੇ ਵਾਤਾਵਰਨ ਪ੍ਰਦੂਸ਼ਨਰਹਿਤ ਹਨ। ਸਿਗਰਟ ਤੇ ਸ਼ਰਾਬ ਪੀਣ ਦੀ ਪੂਰੀ ਤਰ੍ਹਾਂ ਮਨਾਹੀ ਹੈ। ਕੋਈ ਵੀ ਵਹੀਕਲ ਅੱਗੇ ਲੰਘਣ ਲਈ ਹਾਰਨ ਨਹੀਂ ਮਾਰਦਾ। ਮੁੱਖ ਸੜਕਾਂ ਦੋਮਾਰਗੀ ਅਤੇ ਸਾਫ-ਸੁਥਰੀਆਂ ਹਨ। ਆਵਾਜਾਈ ਨੂੰ ਕੰਟਰੋਲ ਕਰਨ ਲਈ ਕਿਤੇ ਕੋਈ ਟ੍ਰੈਫਿਕ ਲਾਈਟ ਜਾਂ ਚੌਕ ਨਹੀਂ। ਪੁਲਿਸ ਦਾ ਸਿਪਾਹੀ ਕਿਤੇ ਨਹੀਂ ਦਿਸਦਾ। ਖਾਲੀ ਲਿਫਾਫਾ ਵੀ ਸੜਕ ਜਾਂ ਕਿਸੇ ਜਨਤਕ ਥਾਂ 'ਤੇ ਪਿਆ ਨਹੀਂ ਮਿਲਦਾ। ਸਿੱਖਿਆ ਅਤੇ ਡਾਕਟਰੀ ਸਹਾਇਤਾ ਸਾਰਿਆਂ ਲਈ ਮੁਫਤ ਹੈ। ਦੇਸ਼ ਦੇ ਜੰਗਲਾਂ ਵਿੱਚ ਬਨਸਪਤੀ ਤੇ ਜੀਵ-ਜੰਤੂ ਪੂਰੀ ਤਰ੍ਹਾਂ ਸੁਰੱਖਿਅਤ ਹਨ। ਕਿਤੇ ਵੀ ਮਨੁੱਖ ਦੀ ਐਸ਼ੋਇਸ਼ਰਤ ਹਿਤ ਸੜਕਾਂ ਚੌੜੀਆਂ ਕਰਨ ਲਈ ਦਰਖਤਾਂ ਅਤੇ ਪਹਾੜਾਂ ਦਾ ਕਤਲ ਨਜ਼ਰ ਨਹੀਂ ਪਿਆ। ਲੋਕ ਆਪਣੇ ਸੱਭਿਆਚਾਰਕ ਵਿਰਸੇ ਤੇ ਧਾਰਮਿਕ ਪ੍ਰੰਪਰਾਵਾਂ (ਬੁੱਧ ਧਰਮ) ਦੀ ਕਦਰ ਕਰਦੇ ਹੋਏ ਸਾਦਾ ਪੌਸ਼ਾਕ ਪਹਿਨਦੇ ਹਨ। ਸ਼ਹਿਰਾਂ ਵਿੱਚ ਨਾ ਬਹੁਕਰੋੜੀ ਕੋਠੀਆਂ ਦਿਸੀਆਂ ਤੇ ਨਾਂ ਹੀ ਝੁੱਗੀ-ਝੌਂਪੜੀਆਂ। ਕਿਤੇ ਮੰਗਤਾ ਨਜ਼ਰ ਨਹੀਂ ਆਇਆ। ਬਹੁਤੇ ਹਸਪਤਾਲ ਤੇ ਸਿੱਖਿਆ ਸੰਸਥਾਵਾਂ ਸਰਕਾਰੀ ਹਨ।

ਕਾਰਪੋਰੇਟ ਮਾਡਲ ਦੇ ਖਪਤਕਾਰਵਾਦੀ ਤੇ ਤੜਕ ਭੜਕ ਵਾਲੇ ਸੱਭਿਆਚਾਰ ਨੇ ਵਿਕਾਸ ਦੇ ਨਾਂ 'ਤੇ ਵਾਤਾਵਰਨਕ ਖਰਾਬੀ ਅਤੇ ਅਮੀਰ-ਗਰੀਬ ਦਾ ਪਾੜਾ ਵਧਾ ਕੇ ਮਨੁੱਖੀ ਭਾਈਚਾਰੇ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ। ਇਸ ਨੇ ਮਨੁੱਖੀ ਬੇਚੈਨੀ ਨੂੰ ਬਹੁਤ ਵਧਾਇਆ ਹੈ। ਆਰਥਿਕ ਵਿਕਾਸ ਪੱਖੋਂ ਭਾਵੇਂ ਭੂਟਾਨ ਪਛੜਿਆ ਜਾਪੇ ਪਰ ਉਥੋਂ ਦੇ ਲੋਕ ਸਬਰ-ਸੰਤੋਖ ਨਾਲ ਖੁਸ਼ ਜੀਵਨ ਬਤੀਤ ਕਰਦੇ ਹਨ। ਇਹ ਹੀ ਮਨੁੱਖੀ ਵਿਕਾਸ ਦਾ ਪਰਮ ਉਦੇਸ਼ ਹੋਣਾ ਚਾਹੀਦਾ ਹੈ। ਮੈਨੂੰ ਭੂਟਾਨ ਦੇ ਲੋਕ, ਗੁਰਬਾਣੀ ਦੇ ਫੁਰਮਾਨ- 'ਬਿਨਾ ਸੰਤੋਖ ਨਹੀ ਕੋਊ ਰਾਜੈ....' ਅਨੁਸਾਰ ਖੁਸ਼ ਜੀਵਨ ਬਤੀਤ ਕਰਦੇ ਜਾਪੇ।



## ਗੀਤ

ਤਾਰਾ ਸਿੰਘ ਚੇੜਾ

ਨੀ ਜਿੰਦੇ ! ਤੂੰ ਭਾਗਾਂ ਵਾਲੀ
ਜਿਹਨੂੰ ਠੰਢੀਆਂ ਮਿਲੀਆਂ ਥਾਵਾਂ
ਮਾਂ ਪਿਉ ਨੇ ਛਾਵਾਂ ਕੀਤੀਆਂ
ਸਿਰ ਰੱਖ ਕੇ ਬਾਹਾਂ।

ਸਿਖਰ ਦੁਪਹਿਰੀਂ ਵੀ ਮੈਂ ਤੁਰਿਆ
ਠੰਢੀਆਂ ਮਿਲੀਆਂ ਰਾਵਾਂ
ਹਾੜ੍ਹ ਦੀਆਂ ਧੁੱਪਾਂ ਸਾੜ ਨਾ ਸਕੀਆਂ
ਵੱਡ-ਰੁੱਖਾਂ ਦੀਆਂ ਛਾਵਾਂ।

ਆਪਣੇ ਪੈਰੀਂ ਤੋਰਿਆ ਮੈਨੂੰ
ਮੇਰੀਆਂ ਉਂਗਲਾਂ ਫੜ ਭਰਾਵਾਂ
ਪਿਆਰ ਦੇ ਰੱਜ ਝੂਟੇ ਲਏ
ਪਿੱਠਾਂ 'ਤੇ ਚੜ੍ਹ ਜਾਵਾਂ।

ਭੈਣਾਂ ਹੱਸ ਹੱਸ ਰੱਖੜੀ ਬੰਨ੍ਹੀ
ਮੱਥੇ ਚੁੰਮੇ ਮਾਵਾਂ
ਬਾਪੂ ਦੀ ਹਿੱਕ ਚੌੜੀ ਹੁੰਦੀ
ਜਦ ਮੈਂ ਮੂਹਰੇ ਆਵਾਂ।

ਸ਼ਗਨਾਂ ਦੇ ਜਦ ਸਿਹਰੇ ਬੰਨ੍ਹੇ
ਦਾਦੀ ਬੋਲੀ ਮੈਂ ਵਾਰੀ ਜਾਵਾਂ
ਚਾਚੀਆਂ ਤਾਈਆਂ ਸ਼ਗਨ ਮਨਾਏ
ਭੂਆ ਦਿੱਤੀਆਂ ਸ਼ੁਭ ਇਛਾਵਾਂ।

* * * * *

.......ਸਫਾ 21 ਦੀ ਬਾਕੀ

ਆਦਿ ਦਰਜਨਾਂ ਮੈਡਲਾਂ ਨਾਲ ਸਨਮਾਨਿਤ ਕੀਤਾ। ਆਪ ਨੇ ਡਿਫੈਂਸ ਤੇ ਸਟਰੈਟਜਿਕ ਸਟੱਡੀਜ਼ ਵਿਸ਼ੇ ਵਿੱਚ ਤਿੰਨ ਪੋਸਟ ਗ੍ਰੈਜੂਏਟ ਡਿਗਰੀਆਂ ਹਾਸਲ ਕੀਤੀਆਂ ਹਨ। ਆਪ ਨੇ ਨੈਸ਼ਨਲ ਡਿਫੈਂਸ ਕਾਲਜ ਬੰਗਲੌਰ ਵਿਖੇ ਹਾਇਰ ਕਮਾਂਡ ਕੋਰਸ ਕਰਦਿਆਂ ਮਿਲਟਰੀ ਸਿੱਖਿਆ ਦੇ ਸਰਵੋਤਮ ਖੋਜ ਪੇਪਰ ਲਿਖੇ। ਆਪ ਦਾ ਵਿਆਹ ਦਿੱਲੀ ਯੂਨੀਵਰਸਿਟੀ ਦੀ ਗ੍ਰੈਜੂਏਟ ਨੀਨਾ ਸੈਣੀ ਨਾਲ ਹੋਇਆ। ਸੈਣੀ ਬਰਾਦਰੀ ਨੂੰ ਇਸ ਬਹਾਦਰ ਤੇ ਯੋਗ ਫੌਜੀ ਜਰਨੈਲ 'ਤੇ ਅੰਤਾਂ ਦਾ ਮਾਣ ਹੈ।



ਅਦਭੁਤ ਸੰਸਾਰ

## ਅਗਨ ਕੁੰਡ ਟਾਅਪੋ ਝੀਲ

ਮਨਜੀਤ ਸਿੰਘ ਤੰਬੜ,
ਪਿੰਡ-ਪੰਜੌੜ, ਜ਼ਿਲ੍ਹਾ-ਹੁਸ਼ਿਆਰਪੁਰ

ਦੱਖਣੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਛੋਟੇ ਵੱਡੇ ਛੇ ਸੌ ਟਾਪੂਆਂ ਨਾਲ ਬਣੇ ਦੇਸ਼ ਨਿਊਜ਼ੀਲੈਂਡ ਵਿੱਚ ਸਥਿਤ ਹੈ ਇਹ ਝੀਲ। ਮੌਰੀ ਲੋਕਾਂ ਦਾ ਹੈ ਇਹ ਮੁਢਲਾ ਦੇਸ਼। ਪੰਜਾਹ ਕੁ ਲੱਖ ਆਬਾਦੀ ਨਾਲ 268680 ਵਰਗਕਿਲੋਮੀਟਰ ਵਿੱਚ ਸਮੇਟਿਆ ਹੈ ਇਹ ਦੇਸ਼ ਉੱਬਲਦੇ ਗਾਰੇ ਜਿਉਥਰਮਲ ਗੀਜ਼ਰ, ਚਸ਼ਮਿਆਂ, ਗਲੇਸ਼ੀਅਰਾਂ ਤੇ ਵੇਅਟੋਮੋ ਗਲੋਵੌਰਮ ਗੁਫਾਵਾਂ ਜਿਹੇ ਕੁਦਰਤੀ ਨਜ਼ਾਰਿਆਂ ਨਾਲ ਸਰਸ਼ਾਰ ਹੈ। ਕਿਵੀ ( ਰਾਸ਼ਟਰੀ ਪੰਛੀ ), ਵਜੋਂ ਜਾਣੇ ਜਾਂਦੇ ਲੋਕਾਂ ਦਾ ਦੇਸ਼, ਨਿਊਜ਼ੀਲੈਂਡ ਭੂਗੋਲਿਕ ਤੇ ਰਾਜਨੀਤਿਕ ਪੱਖੋਂ ਤਿੰਨ ਭਾਗਾਂ- ਨਾਰਦਰਨ ਆਈਲੈਂਡ, ਸਦਰਨ ਆਈਲੈਂਡ ਅਤੇ ਸਟੇਵਾਰਟ ਆਈਲੈਂਡ ਵਿੱਚ ਵੰਡਿਆ ਹੋਇਆ ਹੈ। ਦੇਸ਼ ਦੀ ਰਾਜਧਾਨੀ ਵਲਿੰਗਟਨ ਤੋਂ ਉੱਤਰ ਵੱਲ 385 ਕਿਲੋਮੀਟਰ ਤੇ ਅੰਤਰਰਾਸ਼ਟਰੀ ਹਵਾਈ ਅੱਡੇ ਆਕਲੈਂਡ ਤੋਂ 279 ਕਿਲੋਮੀਟਰ ਦੂਰ ਨਾਰਦਰਨ ਆਈਲੈਂਡ ਦੇ ਐਨ ਵਿਚਕਾਰ ਝੀਲ ਟਾਅਪੋ ਹੈ। ਲਗਭਗ 46 ਕਿਲੋਮੀਟਰ ਲੰਬੀ, 33 ਕਿਲੋਮੀਟਰ ਚੌੜੀ, ਔਸਤਨ 110 ਮੀਟਰ ਡੂੰਘੀ ਅਤੇ 616 ਵਰਗ ਕਿਲੋਮੀਟਰ ਵਿੱਚ ਫੈਲੀ ਇਹ ਝੀਲ ਪ੍ਰਸ਼ਾਂਤ ਖੇਤਰ ਦੀ ਦੂਜੀ ਵੱਡੀ *ਤਾਜ਼ਾ ਪਾਣੀ ਦੀ ਝੀਲ ਹੈ ਜੋ ਖੇਤਰਫਲ ਪੱਖੋਂ ਸਿੰਘਾਪੁਰ ਦੇਸ਼ ਤੋਂ ਥੋੜ੍ਹੀ ਹੀ ਛੋਟੀ ਹੈ।

ਮੈਨੂੰ ਇਹ ਕੁਦਰਤੀ ਨਜ਼ਾਰਾ ਦੇਖਣ ਦਾ ਸੁਭਾਗ 2020 ਸਾਲ ਦੇ ਆਰੰਭ ਵਿੱਚ ਪ੍ਰਾਪਤ ਹੋਇਆ ਜਦੋਂ ਮੈਂ ਨਿਊਜ਼ੀਲੈਂਡ ਦੇ ਕਸਬੇ ਪੁਕੇ ਕੋਹੇ ਵਿੱਚ ਰਹਿੰਦੀ ਆਪਣੀ ਬੇਟੀ ਨੂੰ ਮਿਲਣ ਗਿਆ। ਨੈਸ਼ਨਲ ਹਾਈ ਵੇਅ 'ਤੇ ਤਿੰਨ ਕੁ ਘੰਟਿਆਂ ਦਾ ਸਫਰ ਕਰ ਕੇ ਅਸੀਂ ਇਸ ਝੀਲ 'ਤੇ ਪਹੁੰਚੇ। ਇਸ ਝੀਲ਼ ਦੇ ਕਿਨਾਰੇ ਹੀ ਟਾਅਪੋ ਸ਼ਹਿਰ ਵਸਿਆ ਹੋਇਆ ਹੈ। ਉੱਥੇ ਮੌਸਮ ਤਾਂ ਗਰਮੀ ਦਾ ਸੀ ਪਰ ਮਾਹੌਲ ਅਤਿ ਦਾ ਖੁਸ਼ਗਵਾਰ ਸੀ। ਝੀਲ ਦੁਆਲੇ ਉੱਚੇ ਪਹਾੜ ਹਨ। ਇਨ੍ਹਾਂ ਦੀ ਪਿਘਲੀ ਬਰਫ ਅਤੇ ਬਾਰਿਸ਼ ਦਾ ਪਾਣੀ ਇਸ ਵਿੱਚ ਪੈਂਦਾ ਹੈ। ਇਸ ਝੀਲ ਵਿੱਚੋਂ ਹੀ ਦੇਸ਼ ਦਾ ਸਭ ਤੋਂ ਵੱਡਾ ਦਰਿਆ, ਵੈਕਾਟੋ ਝਰਨਿਆਂ ਦੇ ਰੂਪ ਵਿੱਚ ਨਿਕਲਦਾ ਹੈ। ਝੀਲ ਦਾ ਸ਼ਰਬਤੀ ਪਾਣੀ ਜਦੋਂ ਚਟਾਨਾਂ ਨਾਲ ਟਕਰਾ ਕੇ ਝੱਗ ਛੱਡਦਾ ਤੇ ਭੜਥੂ ਪਾਉਂਦਾ 15 ਕੁ ਫੁੱਟ ਚੌੜੇ ਨਾਲੇ ਥਾਣੀ ਲੰਘਦਾ ਹੈ ਤਾਂ ਇਸ ਦਾ ਬਦਲਦਾ ਨੀਲਾ ਤੇ ਲਾਲ ਰੰਗ ਅਜਬ ਨਜ਼ਾਰਾ ਪੇਸ਼ ਕਰਦਾ ਹੈ ਜਿਸ ਨਾਲ ਦਰਸ਼ਕ ਮੰਤਰਮੁਗਧ ਹੋ ਜਾਂਦਾ ਹੈ। ਇਸ ਝਰਨੇ ਨੂੰ ਹੁਕਾ ਝਰਨਾ ਕਿਹਾ ਜਾਂਦਾ ਹੈ। ਇਹ ਦਰਿਆ ਕੋਈ 450 ਕਿਲੋਮੀਟਰ ਲੰਬਾ ਸਫਰ ਕਰਕੇ ਤਸਮਾਨ ਸਮੁੰਦਰ ਵਿੱਚ ਜਾ ਪੈਂਦਾ ਹੈ।

ਭੂ-ਵਿਗਿਆਨੀਆਂ ਦਾ ਵਿਚਾਰ ਹੈ ਕਿ ਇਹ ਝੀਲ ਹਜ਼ਾਰਾਂ ਸਦੀਆਂ ਪਹਿਲਾਂ ਅੱਜ ਤੱਕ ਦੇ ਸਭ ਤੋਂ ਵੱਡੇ ਜਵਾਲਾਮੁਖੀ ਵਿਸਫੋਟ ਨਾਲ ਹੋਂਦ ਵਿੱਚ ਆਈ ਸੀ ਜਿਸ ਦਾ ਆਕਾਰ ਮਗਰੋਂ ਹੁੰਦੇ ਰਹੇ ਵਿਸਫੋਟਾਂ ਨਾਲ ਵਧਦਾ ਗਿਆ ਅਤੇ 26500 ਸਾਲ ਪਹਿਲਾਂ ਇਹ ਵਰਤਮਾਨ ਸਰੂਪ ਵਿੱਚ ਆ ਗਈ ਸੀ। ਉਂਜ ਅਜੇ ਵੀ ਇਸ



ਇਲਾਕੇ ਵਿੱਚ ਜਵਾਲਾਮੁਖੀ ਫਟ ਰਹੇ ਹਨ ਜਿਨਾਂ ਕਾਰਨ ਲਾਵਾ ਅਤੇ ਫਾਸਫੋਰਸ ਦੇ ਧੂੰਏਂ ਦੀ ਦੁਰਗੰਧ ਫੈਲੀ ਰਹਿੰਦੀ ਹੈ। ਇੱਥੇ ਦਰਜਨਾਂ ਹੀ ਗਰਮ ਪਾਣੀ ਅਤੇ ਗਾਰੇ ਦੇ ਚਸ਼ਮੇ ਹਨ। ਅਸਲ ਵਿੱਚ ਇੱਥੇ ਧਰਤੀ ਬੋਲਦੀ ਜਾਪਦੀ ਹੈ। ਦੇਸ਼ ਦੀ ਸਰਕਾਰ ਨੇ ਇਨ੍ਹਾਂ ਕੁਦਰਤੀ ਅਜੂਬਿਆਂ ਨੂੰ ਕੁਦਰਤੀ ਪਾਰਕਾਂ ਤੇ ਬੋਟੈਨੀਕਲ ਰਿਜ਼ਰਵ ਦੇ ਰੂਪ ਵਿੱਚ ਬਹੁਤ ਸੁਚੱਜਦਾ ਨਾਲ ਸੰਭਾਲਿਆ ਹੋਇਆ ਹੈ। ਦਰਸ਼ਕ ਇੱਥੇ ਝੀਲ ਕਿਨਾਰੇ ਸੰਨਬਾਥ ਕਰ ਕੇ, 'ਹੁਕਾ ਪਰਾਨ ਪਾਰਕ' ਵਿੱਚ ਮੱਛੀਆਂ ਪਕੜ ਕੇ, ਗਰਮ ਚਸ਼ਮਿਆਂ ਨੂੰ ਨਿਹਾਰਦਿਆਂ, ਕਿਰਿਆਸ਼ੀਲ ਜਵਾਲਾਮੁਖੀ ਵਾਲੇ ਪਹਾੜ 'ਤੇ ਚੜ੍ਹ ਕੇ, 'ਵਾਈਪਾਹੀਹੀ ਬਟਾਨੀਕਲ ਰਿਜ਼ਰਵ' ਵਿੱਚ ਸੈਰ ਕਰਕੇ, 'ਕਰੇਟਰਜ਼ ਆਫ ਦ ਮੂੰਨ' ਦੇਖਦਿਆਂ, ਝੀਲ ਦੁਆਲੇ ਬਣੇ 10 ਕਿਲੋਮੀਟਰ ਰਾਸਤੇ 'ਤੇ ਸੈਰ ਕਰ ਕੇ ਅਤੇ 'ਮਾਈਨ ਬੇਅ ਮੌਰੀ ਰਾਕ ਕਾਰਵਿੰਗਜ਼' ਦੇਖ ਕੇ ਗਦਗਦ ਹੁੰਦੇ ਹਨ। ਇੱਥੇ ਸਕਾਈ ਡਾਈਵਿੰਗ ਅਤੇ ਪੈਰਾਸ਼ੂਟਿੰਗ ਦਾ ਵੀ ਪ੍ਰਬੰਧ ਹੈ। ਅੰਤਰਰਾਸ਼ਟਰੀ ਕਿਸ਼ਤੀ ਮੁਕਾਬਲੇ ਵੀ ਇਸ ਝੀਲ ਵਿੱਚ ਹੁੰਦੇ ਹਨ।

ਅਸਲ ਵਿੱਚ ਟਾਅਪੋ ਝੀਲ ਇੱਕ ਅਗਨਕੁੰਡ ਹੈ ਜਿੱਥੇ ਅਜੇ ਵੀ ਜਵਾਲਾਮੁਖੀ ਕਿਰਿਆਸ਼ੀਲ ਹੈ। ਰਚਨਹਾਰੇ ਦੀ ਇਸ ਅਦਭੁੱਤ ਕਿਰਤ ਨੂੰ ਦੇਖ ਕੇ ਮਨੁੱਖ ਆਪਮੁਹਾਰੇ ਕਹਿ ਉੱਠਦਾ ਹੈ, '-ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ'। ਇਸ ਝੀਲ ਦੀ ਸੁੰਦਰਤਾ ਨਾਲ ਨਸ਼ਿਆਏ ਅਸੀਂ ਵਾਪਸ ਤਾਂ ਆ ਗਏ ਪਰ ਧੁਰ ਅੰਦਰ ਸਮੋਏ ਨਜ਼ਾਰਿਆਂ ਨੂੰ ਅਜੇ ਵੀ ਮਹਿਸੂਸ ਕਰ ਰਿਹਾ ਹਾਂ। ਰੱਬ ਕਰੇ ਇਹ ਵਿਸਮਾਦੀ ਸਥਾਨ ਦੇਖਣ ਦਾ ਵਾਰ ਵਾਰ ਸਬੱਬ ਬਣੇ।

* (ਦੁਨੀਆਂ ਦੀ ਸਭ ਤੋਂ ਵੱਡੀ, ਬੈਕਾਲ ਝੀਲ਼ ਰੂਸ ਵਿੱਚ ਹੈ। ਇਸ ਵਿੱਚ 23615 ਕਿਊਬਕ ਕਿਲੋਮੀਟਰ ਪਾਣੀ ਹੈ ਜੋ ਦੁਨੀਆਂ ਵਿੱਚ ਧਰਤੀ ਦੇ ਧਰਾਤਲ 'ਤੇ ਮੌਜੂਦ ਤਾਜ਼ੇ ਪਾਣੀ ਦਾ 20% ਹੈ।)



Self Experience

## "In No Time I Said Yes"

K.S. Bhogal

I got the job in Mumbai and was very much excited to go around this city of dreams . The seashore was at stone's throw from the house given by the Company .(one room set). This went for four years, going for daily job & back home.

My parents were in a hurry to engage me to some suitable girl in the society. They were having many consultations with the known relatives for the suitable girl. Anyhow they selected one girl of their choice and wrote me to come and have the final say. This was very challenging situation for a bachelor to face in life. There was no guide for this important decision as I was away in Mumbai and parents were in Ludhiana.

The day I left for Ludhiana, I was very much positive to meet the lady of my dreams. I reached Ludhiana with very light mood. I was told at home that the girl is quite good and I should not say anything odd.

Morning was quite good and we started for Jalandhar by train. On the way I was again reminded that the girl is OK and I have to say 'yes'

We reached Jalandhar at around 10.30 hrs. We knocked the door and immediately there was response. We moved inside the house. I was keen to have glance at her. I was feeling eager to see the girl as time was passing very fast. Soon there was a girl with tray in her hands. Her hands were trembling with fear. I was delighted to see the choice of my parents, really remarkable.

I was watching the activities keenly. The shyness of innocence was seen on her face. I was Impressed with the beauty and thanked GOD of this creation for me. Time passed very fast and she was away to other room.

Everybody asked about my nod. Really this was important moment of my life. In no Time I said, 'Yes'. Sweets were brought immediately. Everyone was feeding me sweets. I asked her mother for one to one meeting with her. It was agreed. I again thanked GOD as my wish was fulfilled. I asked about her hobbies, her interests, her day to day activities. Also I offered myself for questions. She said nothing. The Time was passing very quickly. She wanted to finish the meeting as soon as possible as she was feeling uneasy.

There were photographs of both the families and I was feeling the heat as she was standing close to me. She eloped at once. Again there was tea session and preparations of wind up. With heavy heart I had to leave the house with dreams of meeting her again.

In the evening I was feeling a special essence in the air and my mood was delighted. I wanted to talk to her again and again but social obligations were coming my way. I wanted to see her again but parents won't allow for our meeting, as society will disapprove the meeting.

I boarded the train to Mumbai. After reaching , wrote the best I felt about her .

We have been married. The story of Two bodies and one soul started their journey and is continued to date.

❉ ❉ ❉ ❉ ❉

### HUMAN HISTORY

The invention of First Stone Tools, more than two million years ago, was the moment when Humankind started to distinguish itself from all other species in the planet.

The very First Human Invention consisted of sharp flints and used in their natural state by primitive people, who then went on to purposely sharpen stones.

....ਸਫਾ 19 ਦੀ ਬਾਕੀ

'ਅਰਜੁਨ ਐਵਾਰਡ ' ਨਾਲ ਨਿਵਾਜਿਆ ਗਿਆ । ਉਹ ਜੇਸੀਟੀ ਮਿੱਲ 'ਚ ਖੇਡ ਮੈਨੇਜਰ ਦੇ ਅਹੁਦੇ 'ਤੇ ਵੀ ਬਿਰਾਜਮਾਨ ਰਹੇ। ਉਨ੍ਹਾਂ ਦੀ ਖੇਡ ਨਿਗਰਾਨੀ ਕਰਕੇ ਹੀ ਜੇਸੀਟੀ ਦੀ ਫੁੱਟਬਾਲ ਟੀਮ ਦਾ ਰਾਸ਼ਟਰੀ ਫੁੱਟਬਾਲ 'ਚ ਸਨਮਾਨਯੋਗ ਸਥਾਨ ਰਿਹਾ। ਜੇਸੀਟੀ ਵੱਲੋਂ ਫੁਟਬਾਲ ਟੀਮ ਖਤਮ ਕਰਨ ਦਾ ਇੰਦਰ ਸਿੰਘ ਨੂੰ ਬਹੁਤ ਦੁੱਖ ਹੈ, ਜਿਸ ਕਰਕੇ ਅੱਜ ਵੀ ਉਹ ਨਿਰਾਸ਼ਾ ਦੇ ਪਲ ਹੰਢਾਅ ਰਹੇ ਹਨ। 2001 'ਚ ਇੰਦਰ ਸਿੰਘ ਨੂੰ ਪੰਜਾਬ ਫੁਟਬਾਲ ਐਸੋਸੀਏਸ਼ਨ ਦਾ ਸੈਕਟਰੀ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਉਹ ਪੰਜਾਬ ਮਹਿਲਾ ਫੁੱਟਬਾਲ ਕਮੇਟੀ ਦੇ ਸਰਪ੍ਰਸਤ ਵੀ ਰਹੇ। ਅੱਜ ਕੱਲ ਉਹ ਪੰਜਾਬ ਓਲੰਪਿਕ ਐਸੋਸੀਏਸ਼ਨ ਨਾਲ ਜੁੜੇ ਹੋਏ ਹਨ।

ਸ. ਇੰਦਰ ਸਿੰਘ ਦਾ ਲੜਕਾ ਹਰਜਿੰਦਰ ਸਿੰਘ ਵੀ ਜੇਸੀਟੀ ਦੀ ਫੁੱਟਬਾਲ ਟੀਮ ਦਾ ਸਹਾਇਕ ਕੋਚ ਰਿਹਾ। ਸ਼ੁਰੂ ਚ ਪਿਤਾ ਦੇ ਨਕਸ਼ੇ ਕਦਮ ਤੇ ਚਲਦਿਆਂ ਹਰਜਿੰਦਰ ਵੀ ਫੁੱਟਬਾਲ ਖੇਡਣ ਦੇ ਲੜ ਲੱਗਿਆ ਰਿਹਾ। ਰਾਸ਼ਟਰੀ ਫੁੱਟਬਾਲਰ ਰਹਿ ਚੁੱਕੇ ਹਰਜਿੰਦਰ ਸਿੰਘ ਦੀ ਖੇਡ 'ਚ ਵੀ ਇੰਦਰ ਸਿੰਘ ਦੀ ਤਰ੍ਹਾਂ ਹੀ ਫੁਟਬਾਲ ਖੇਡ ਦੀ ਮਰਦਾਨਗੀ ਦਾ ਲਿਸ਼ਕਾਰਾ ਪੈਦਾ ਹੈ। ਅੰਤ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਮਾਵਾਂ ਸੁਭਾਗੀਆਂ ਹੁੰਦੀਆਂ ਹਨ ਜਿਨ੍ਹਾਂ ਦੀਆਂ ਕੁੱਖਾਂ ਨੂੰ ਅਜਿਹੇ ਮਾਣਮੱਤੇ ਖਿਡਾਰੀਆਂ ਨੂੰ ਜਨਮ ਦੇਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ।

* * * * *

ਸੋਚੋ

## ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ

ਅਸੀਂ, **ਭਾਰਤ ਦੇ ਲੋਕ**, ਭਾਰਤ ਨੂੰ ਇੱਕ ਸੰਪੂਰਨ ਪ੍ਰਭੁਤਾਸੰਪਨ, **ਸਮਾਜਵਾਦੀ, ਧਰਮਨਿਰਪੇਖ, ਲੋਕਤੰਤ੍ਰਿਕ** ਗਣਰਾਜ ਬਣਾਉਣ ਲਈ ਅਤੇ ਇਸ ਦੇ **ਸਮੂਹ ਨਾਗਰਿਕਾਂ** ਨੂੰ ਸਮਾਜਿਕ, ਆਰਥਿਕ, ਵਿਸ਼ਵਾਸ, **ਧਰਮ ਅਤੇ ਪੂਜਾ ਦੀ ਸੁਤੰਤਰਤਾ**, ਪ੍ਰਤਿਸ਼ਠਾ ਅਤੇ ਅਵਸਰ ਦੀ ਸਮਾਨਤਾ ਪ੍ਰਾਪਤ ਕਰਨ ਲਈ ਅਤੇ ਉਨ੍ਹਾਂ ਸਾਰਿਆਂ ਵਿੱਚ **ਵਿਅਕਤੀਗਤ ਸਨਮਾਨ ਅਤੇ** ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਸੁਨਿਸ਼ਚਿਤ ਕਰਨ ਲਈ **ਭਾਈਚਾਰਾ** ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ ਆਪਣੀ ਸੰਵਿਧਾਨ ਸਭਾ ਵਿੱਚ ਮਿਤੀ 26 ਨਵੰਬਰ, 1949 ਈ. ਨੂੰ ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਤ ਅਤੇ ਆਤਮ ਸਮਰਪਿਤ ਕਰਦੇ ਹਾਂ।

ਕੀ ਸਾਡੇ ਰਹਿਨੁਮਾ ਸੰਵਿਧਾਨ ਨੂੰ ਮੰਨਦੇ ਹਨ?

## ਪ੍ਰੇਮੀ ਦਾ ਪ੍ਰੇਮ-ਪੱਤਰ

ਸਤਿਕਾਰਯੋਗ ਡਾ. ਅਜਮੇਰ ਸਿੰਘ ਜੀ,

ਸਤਿ ਸ੍ਰੀ ਅਕਾਲ

'ਸੈਣੀ ਸੰਸਾਰ' ਪੱਤ੍ਰਿਕਾ ਦਾ ਜਨਵਰੀ-ਮਾਰਚ,2020 ਦਾ ਅੰਕ ਪ੍ਰਾਪਤ ਹੋਇਆ ਅਤੇ ਪੜ੍ਹ ਕੇ ਅਨੰਦ ਆ ਗਿਆ। ਮੇਰੀ ਕਾਵਿ-ਰਚਨਾ ਨੂੰ ਇਸ ਅੰਕ ਵਿੱਚ ਛਾਪਣ ਲਈ ਵੀ ਆਪ ਜੀ ਦਾ ਧੰਨਵਾਦੀ ਹਾਂ।

ਪੱਤ੍ਰਿਕਾ ਵਿੱਚ ਛਪੀਆਂ ਸਭ ਰਚਨਾਵਾਂ ਪਾਠਕਾਂ ਨੂੰ ਗਿਆਨ-ਵਿਗਿਆਨ, ਮਿਆਰੀ ਸਾਹਿਤ ਕਲਾ ਅਤੇ ਹੋਰ ਭਰਪੂਰ ਜਾਣਕਾਰੀਆਂ ਤੋਂ ਇਲਾਵਾ ਸਮਾਜਿਕ ਚੇਤਨਤਾ ਤੇ ਤਰਕਸ਼ੀਲਤਾ ਵੀ ਪ੍ਰਦਾਨ ਕਰਦੀਆਂ ਹਨ। ਵਿਸ਼ੇਸ਼ ਕਰ ਕੇ ਸੈਣੀ ਬਰਾਦਰੀ ਦੀਆਂ ਉਪਲਭਦੀਆਂ ਨੂੰ ਉਜਾਗਰ ਕਰ ਕੇ ਦੇਸ਼-ਵਿਦੇਸ਼ ਵਿੱਚ ਸੈਣੀ ਕੌਮੰ ਦਾ ਨਾਮ ਰੌਸ਼ਨ ਕਰਕੇ, ਇਸ ਕੌਮ ਦੀ ਹਰ ਖੇਤਰ ਵਿੱਚ ਪ੍ਰਤਿਨਿਧਤਾ ਤੇ ਉਸਾਰੂ ਸੋਚ ਨਾਲ ਹੋਰ ਕੌਮਾਂ 'ਤੇ ਚੰਗਾ ਪ੍ਰਭਾਵ ਪੈ ਰਿਹਾ ਹੈ। ਇਹ ਸਭ ਬੁਲੰਦੀਆਂ ਦੀ ਤਰਜਮਾਨੀ ਆਪ ਜੀ ਦੀ ਅਣਥੱਕ ਮਿਹਨਤ, ਲਗਨ ਅਤੇ ਸੰਵੇਦਨਸ਼ੀਲਤਾ ਦੇ ਸਦਕਾ ਹੈ। ਇਸ ਲਈ ਸਾਰੇ ਪ੍ਰਬੰਧਕ ਅਤੇ ਐਡੀਟੋਰੀਅਲ ਬੋਰਡ ਵਧਾਈ ਦੇ ਪਾਤਰ ਹਨ।......

ਆਪ ਜੀ ਦਾ ਸ਼ੁੱਭ ਚਿੰਤਕ

5 ਮਾਰਚ, 2020 **ਪ੍ਰਿਤਪਾਲ ਸਿੰਘ 'ਜਟਾਣਾ'**

ਫੋਨ-9915342742,1104,ਸੈਕਟਰ-49ਬੀ, ਚੰਡੀਗੜ੍ਹ

* * * * *



## ਪ੍ਰਦੇਸੀ

ਸੁਰਿੰਦਰ ਕੌਰ ਸੈਣੀ

ਹੂਕ ਨਿਕਲਦੀ ਸੀਨੇ 'ਚੋਂ ਦੇਖ ਕੇ ਪ੍ਰਦੇਸੀਆਂ ਦਾ ਹਾਲ,
ਦੋ ਬੁਰਕੀ ਰੋਟੀ ਦੇ ਲਈ ਕਿੰਝ ਹੁੰਦੇ ਇਹ ਹਾਲੋ-ਬਿਹਾਲ।

ਦੋ ਮੁੱਠੀ ਆਟੇ ਦੇ ਲਈ ਪ੍ਰਦੇਸਾਂ ਵਿੱਚ ਹੁੰਦੇ ਗੁਨ੍ਹ,
ਸਾਹਾਂ ਨੂੰ ਸੂਲੀ 'ਤੇ ਟੰਗ ਕੇ ਕਿੰਝ ਹੁੰਦੇ ਇਹ ਹਾਲੋ-ਬਿਹਾਲ।

ਪੰਜਾਬੀ ਮਾਂ ਦੇ ਪੁੱਤ ਪਿਆਰੇ ਕੱਖੋਂ ਹੌਲੇ ਹੋ ਜਾਂਦੇ,
ਮਿੱਟੀ ਦੇ ਮੁੱਲ ਤੁਲ ਕੇ ਕਿੰਝ ਹੁੰਦੇ ਇਹ ਹਾਲੋ-ਬਿਹਾਲ।

ਗਲ ਕੰਠੇ ਹਿੱਕਾਂ ਚੌੜੀਆਂ ਗੋਰਿਆਂ ਅੱਗੇ ਝੁਕਦੇ ਜਦ,
ਮਿੱਟੀ ਆਪਣੀ ਤੋਂ ਵਿਛੁੜ ਕੇ ਕਿੰਝ ਹੁੰਦੇ ਇਹ ਹਾਲੋ-ਬਿਹਾਲ।

ਮਜ਼ਬੂਰੀ ਦੇ ਹੜ੍ਹ 'ਚ ਰੁੜ੍ਹੇ ਇਹ ਕੀਮਤੀ ਜਵਾਨ,
ਆਪਣੇ ਵਤਨਾਂ ਤੋਂ ਦੂਰ ਕਿੰਝ ਹੁੰਦੇ ਇਹ ਹਾਲੋ-ਬਿਹਾਲ।

ਮਾਵਾਂ-ਭੈਣਾਂ ਤੋਂ ਵਿਛੜੇ ਆਪਣੇ ਦੇਸ਼ ਤੋਂ ਉਜੜੇ,
ਜ਼ਿੰਦਗੀ ਦੇ ਲੱਕ ਨੂੰ ਜੱਫੀ ਪਾ ਕਿੰਝ ਹੁੰਦੇ ਇਹ ਹਾਲੋ-ਬਿਹਾਲ।

## ਵਧਾਈ

ਰੂਪਨਗਰ ਸ਼ਹਿਰ ਦੇ ਵਾਸੀ ਸੇਵਾਮੁਕਤ ਅਧਿਆਪਕਾ ਸ਼੍ਰੀਮਤੀ ਸੁਰਿੰਦਰ ਕੌਰ ਸੈਣੀ ਨੇ ਨਾਵਲ, " ਡਾਰੋਂ ਵਿਛੜੀ ਕੂੰਜ" ਲਿਖ ਕੇ ਮਾਰ੍ਹਕਾ ਮਾਰਿਆ ਹੈ। ਇਹ ਉਨ੍ਹਾਂ ਦੀ ਸੱਤਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਚਾਰ ਕਾਵਿ ਸੰਗ੍ਰਹਿ, ਇੱਕ ਕਹਾਣੀ ਸੰਗ੍ਰਹਿ ਅਤੇ ਇੱਕ ਨਾਵਲ ਲਿਖਿਆ ਹੈ। ਹਥਲੀ ਰਚਨਾ ਇੱਕ ਦੁੱਖਾਂਮਾਰੀ ਔਰਤ ਦੀ ਗਾਥਾ ਹੈ ਜਿਸ ਦਾ ਸਾਰੀ ਉਮਰ ਦਰਦਾਂ ਨੇ ਖਹਿੜਾ ਨਹੀਂ ਛੱਡਿਆ। ਇਸ ਦੇ ਬਾਵਜੂਦ ਉਹ ਸਮਾਜ ਸੇਵਾ ਵਿੱਚ ਰੁੱਝ ਕੇ ਸੁਚਾਰੂ ਜੀਵਨ ਬਤੀਤ ਕਰਦੀ ਹੈ। ਸ਼੍ਰੀਮਤੀ ਸੈਣੀ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਇਸ ਸਾਹਿਤਕ ਕਿਰਤ ਲਈ ਬਹੁਤ ਬਹੁਤ ਵਧਾਈ ਹੋਵੇ।

* * * * *

## TRUE HAPPINESS



- Do not educate your children to be rich, Educate them to be happy, so that when they grow up they will know the value of things not their price.
- Eat your food as medicine, otherwise you will eat medicine as your food.
- There is big difference between a human being and being a human.
- If you want to walk fast, walk alone but if you are to walk far, walk together.
- You are loved when you are born, you will be loved when you die. In between you have to manage.
- The one who loves you will never leave you for another because even if there are one hundred reasons to give up he or she will find one reason to hold you.
- There are Six Best Doctors in life - Sunlight, Rest, Exercise, Diet, Self Confidence and Friends.

## ਸ਼ਰਧਾਂਜਲੀ



• ਸੈਣੀ ਬਰਾਦਰੀ ਦੇ ਸਿਰਕੱਢ ਸਮਾਜਸੇਵੀ, ਕਾਰਖਾਨੇਦਾਰ ਅਤੇ ਇਮਾਨਦਾਰ ਰਾਜਨੀਤਿਕ ਆਗੂ ਫਗਵਾੜਾ ਨਿਵਾਸੀ **ਸ. ਹਰਗੁਰਦੇਵ ਸਿੰਘ ਝਿੱਕਾ** 5 ਅਪ੍ਰੈਲ, 2020 ਨੂੰ ਅਕਾਲਚਲਾਣਾ ਕਰ ਗਏ ਹਨ। ਆਪ ਸੈਣੀ ਕੌਮ ਦਾ ਇਤਿਹਾਸ ਲਿਖਣ ਵਾਲੇ ਸ. ਈਸ਼ਰ ਸਿੰਘ ਦੇ ਸਪੁੱਤਰ ਸਨ ਅਤੇ ਸੈਣੀ ਭਵਨ ਰੂਪਨਗਰ ਨਾਲ ਨੇੜਿਓਂ ਜੁੜੇ ਹੋਏ ਸਨ। ਆਪ ਦਾ ਪਿਛੋਕੜ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਝਿੱਕਾ ਦਾ ਸੀ। ਆਪ ਨੇ 17 ਸਾਲ ਤੱਕ ਮਿਉਂਸੀਪਲ ਕਮੇਟੀ ਫਗਵਾੜਾ ਦੇ ਉੱਪ-ਪ੍ਰਧਾਨ ਬਣ ਕੇ ਲੋਕਾਂ ਦੀ ਨਿਸ਼ਕਾਮ ਸੇਵਾ ਕੀਤੀ।



• ਰੂਪਨਗਰ ਜ਼ਿਲ੍ਹੇ ਦੇ ਪਿੰਡ ਥਲੀ (ਘਨੌਲੀ) ਦੇ ਪ੍ਰਸਿੱਧ ਕਰੈਸ਼ਰ-ਕਾਰੋਬਾਰੀ **ਸ. ਸਰਦਾਰਾ ਸਿੰਘ** ਅਚਾਨਕ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਆਪ ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਅਤੇ ਇਸ ਸਮਾਜਸੇਵੀ ਅਦਾਰੇ ਦੇ ਸ਼ੁੱਭ-ਚਿੰਤਕ ਸਨ। ਆਪ ਦਾ ਸਪੁੱਤਰ ਸ. ਕੁਲਵੰਤ ਸਿੰਘ ਅਤੇ ਸ਼੍ਰੀਮਤੀ ਪਲਵਿੰਦਰ ਕੌਰ(ਰਾਣੀ) ਵਧ ਚੜ੍ਹ ਕੇ ਲੋਕਾਂ ਦੀ ਭਲਾਈ ਦੇ ਕੰਮਾਂ ਵਿੱਚ ਭਾਗ ਲੈਂਦੇ ਹਨ।

ਸੈਣੀ ਭਵਨ ਦੇ ਪ੍ਰਬੰਧਕ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਜਲੀ ਦਿੰਦਿਆਂ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹਨ।

## ਸਵਾਲ ਤੇ ਜਵਾਬ

ਸਵਾਲ ਹਮੇਸ਼ਾਂ ਮਨੁੱਖ ਨੂੰ ਚਿੰਤਨ ਦੀ ਦਿਸ਼ਾ ਵੱਲ ਧੱਕਦੇ ਹਨ, ਮੌਜੂਦਾ ਹਾਸਲ ਗਿਆਨ ਤੋਂ ਅੱਗੇ ਝਾਤੀ ਮਾਰਨ ਦੀ ਉਤਸੁਕਤਾ ਜਗਾਉਂਦੇ ਹਨ ਅਤੇ ਲੁਕੀਆਂ ਪਰਤਾਂ ਨੂੰ ਲੱਭਣ ਤੇ ਖੋਜਣ ਦੀ ਤਾਂਘ ਪੈਦਾ ਕਰਦੇ ਹਨ।

ਜਵਾਬ ਅਕਸਰ ਹੀ ਸੰਤੁਸ਼ਟੀ ਦਾ ਇਜ਼ਹਾਰ ਹੁੰਦੇ ਹਨ ਭਾਵ ਚਿੰਤਨ ਦੇ ਅਮਲ ਦਾ ਠੱਪ ਹੋਣਾ। ਉਹ ਜਵਾਬ ਹੀ ਚਿੰਤਨ ਦੇ ਅਮਲ ਨੂੰ ਅੱਗੇ ਤੋਰਦੇ ਹਨ ਜੋ ਮਨੁੱਖ ਵਿੱਚ ਨਵੇਂ ਖਿਆਲਾਂ ਤੇ ਸਵਾਲਾਂ ਦੀ ਚਿਣਗ ਜਗਾਉਂਦੇ ਹਨ।



ਬੱਚਿਆਂ ਲਈ ਆਮ ਗਿਆਨ

# ਅਜ਼ਾਦੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ

**ਸੰਦੀਪ ਸਿੰਘ ਸੈਣੀ**
ਦੇਸੂਮਾਜਰਾ

ਡਾ. ਗੋਪੀ ਚੰਦ ਭਾਰਗਵ (ਕਾਂਗਰਸ)- 15.8. 1947 -12.4. 1949

ਭੀਮ ਸੈਨ ਸੱਚਰ (ਕਾਂਗਰਸ) -
13.4. 1949- 18.10. 1949

ਡਾ. ਗੋਪੀ ਚੰਦ ਭਾਰਗਵ (ਕਾਂਗਰਸ)-
19.10. 1949- 20.6.1951

ਰਾਸ਼ਟਰਪਤੀ ਰਾਜ- 21.6.1951- 17.4. 1952

ਭੀਮ ਸੈਨ ਸੱਚਰ (ਕਾਂਗਰਸ)-
18.4. 1952- 23.1. 1956

ਪ੍ਰਤਾਪ ਸਿੰਘ ਕੈਰੋਂ (ਕਾਂਗਰਸ) -
24.1. 1956- 21.6. 1964

ਡਾ. ਗੋਪੀ ਚੰਦ ਭਾਰਗਵ (ਕਾਂਗਰਸ)-
22.6. 1964- 6.7. 1964

ਰਾਮ ਕਿਸ਼ਨ (ਕਾਂਗਰਸ)-
7.7. 1964- 5.7. 1966

ਰਾਸ਼ਟਰਪਤੀ ਰਾਜ- 6.7. 1966- 1.11. 1966

ਗਿਆਨੀ ਗੁਰਮੁਖ ਸਿੰਘ ਮੁਸਾਫਰ (ਕਾਂਗਰਸ)-
2.11. 1966-8.3. 1967

ਜਸਟਿਸ ਗੁਰਨਾਮ ਸਿੰਘ (ਅਕਾਲੀ ਦਲ)-
9.3. 1967- 25.11. 1967

ਲਛਮਣ ਸਿੰਘ ਗਿੱਲ (ਅਕਾਲੀ ਦਲ)-
26.11. 1967- 23.8. 1968

ਰਾਸ਼ਟਰਪਤੀ ਰਾਜ- 24.8. 1968- 17.2. 1969

ਜਸਟਿਸ ਗੁਰਨਾਮ ਸਿੰਘ (ਅਕਾਲੀ ਦਲ)-
18.2. 1969 - 27.3. 1970

ਪ੍ਰਕਾਸ਼ ਸਿੰਘ ਬਾਦਲ (ਅਕਾਲੀ ਦਲ)-
28.3. 1970- 14.6. 1971

ਰਾਸ਼ਟਰਪਤੀ ਰਾਜ- 15.6. 1971- 17.3. 1972

ਗਿਆਨੀ ਜ਼ੈਲ ਸਿੰਘ (ਕਾਂਗਰਸ)-
18.3. 1972- 29.4. 1977

ਰਾਸ਼ਟਰਪਤੀ ਰਾਜ- 30.4. 1977- 20.6. 1977

ਪ੍ਰਕਾਸ਼ ਸਿੰਘ ਬਾਦਲ (ਅਕਾਲੀ ਦਲ)-
21.6. 1977- 17.2. 1980

ਰਾਸ਼ਟਰਪਤੀ ਰਾਜ- 18.2. 1980- 6.6. 1980

ਦਰਬਾਰਾ ਸਿੰਘ (ਕਾਂਗਰਸ)-
7.6. 1980- 10.10. 1983

ਰਾਸ਼ਟਰਪਤੀ ਰਾਜ- 11.10. 1983- 29.9. 1985

ਸੁਰਜੀਤ ਸਿੰਘ ਬਰਨਾਲਾ ( ਅਕਾਲੀ ਦਲ)-
30.9. 1985- 11.6. 1987

ਰਾਸ਼ਟਰਪਤੀ ਰਾਜ- 12.6. 1987 - 25.2. 1992

ਬੇਅੰਤ ਸਿੰਘ (ਕਾਂਗਰਸ)-
26.2. 1992- 30.8. 1995

ਹਰਚਰਨ ਸਿੰਘ ਬਰਾੜ (ਕਾਂਗਰਸ)-
31.8. 1995- 21.1. 1996

ਰਾਜਿੰਦਰ ਕੌਰ ਭੱਠਲ (ਕਾਂਗਰਸ)-
22.1. 1996- 12.2. 1997

ਪ੍ਰਕਾਸ਼ ਸਿੰਘ ਬਾਦਲ (ਅਕਾਲੀ ਦਲ)-
13.2. 1997 -26.2. 2002

ਕੈਪਟਨ ਅਮਰਿੰਦਰ ਸਿੰਘ (ਕਾਂਗਰਸ)-
27.2. 2002- 1.3. 2007

ਪ੍ਰਕਾਸ਼ ਸਿੰਘ ਬਾਦਲ (ਅਕਾਲੀ ਦਲ)-
2.3. 2007- 14.3. 2012

ਪ੍ਰਕਾਸ਼ ਸਿੰਘ ਬਾਦਲ (ਅਕਾਲੀ ਦਲ)-
15.3. 2012- 16.3.2017

ਕੈਪਟਨ ਅਮਰਿੰਦਰ ਸਿੰਘ (ਕਾਂਗਰਸ)-
17.3. 2017- ਹੁਣ ਤੱਕ

## ਪ੍ਰਸ਼ਨੋਤਰੀ-6 ਦੇ ਜੇਤੂ ਪਾਠਕ

ਸ਼੍ਰੀਮਤੀ ਗੁਰਵਿੰਦਰ ਕੌਰ, # ਨੇੜੇ ਸੈਣੀ ਭਵਨ ਰੂਪਨਗਰ
ਸ਼੍ਰੀਮਤੀ ਮਨਜੀਤ ਕੌਰ, # 5077 ਵਾਰਡ ਨੰ.7 ਰੂਪਨਗਰ
ਇਨ੍ਹਾਂ ਜੇਤੂਆਂ ਨੂੰ 38ਵੇਂ ਸਾਲਾਨਾ ਸੈਣੀ ਸੰਮੇਲਨ, 2020 ਸਮੇਂ ਸਨਮਾਨਿਤ ਕੀਤਾ ਜਾਵੇਗਾ।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ 'ਸੈਣੀ ਸੰਸਾਰ' ਦਾ 36ਵਾਂ ਅੰਕ ਲੋਕਅਰਪਣ ਕਰਦੇ ਹੋਏ ਸ਼੍ਰੀ ਕਮਲਦੀਪ ਸਿੰਘ ਸੈਣੀ ਚੇਅਰਮੈਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ



ਖ਼ੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ ਸ਼੍ਰੀ ਕਮਲਦੀਪ ਸਿੰਘ ਸੈਣੀ ਅਤੇ ਸੈਣੀ ਭਵਨ ਦੇ ਪ੍ਰਬੰਧਕ ।



ਰੋਟਰੀ ਐਂਡ ਬਲੱਡ ਬੈਂਕ ਰਿਸੋਰਸ ਸੈਂਟਰ ਦੇ ਪ੍ਰਬੰਧਕ ਖ਼ੂਨਦਾਨ ਲਹਿਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਲਈ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ



ਸੈਣੀ ਭਵਨ ਵਿਖੇ ਲੋਹੜੀ ਦਾ ਤਿਉਹਾਰ ਮਨਾਉਂਦੀਆਂ ਹੋਈਆਂ ਸੈਣੀ ਭਵਨ ਦੀਆਂ ਸਿਖਿਆਰਥਣਾਂ

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

37

April - June 2020

# ਸੈਣੀ ਸੰਸਾਰ
# Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ